ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

# ਸਤਿਜੁਗ

ਕਲਿਜੁਗ ਮੈਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।


www.sribhainisahib.com ਜਿਲਦ-24 ਨੰਬਰ-4

4 ਤੋਂ 10 ਚੇਤਰ 2072 - 17 to 23 March 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਬਾਣੀ ਨਾਲ ਪਰੀਤੀ ਨਹੀਂ ਲਗਦੀ



ਸੋ ਜੀ ਮੇਰਾ ਤਾ ਏਹੋ ਕਹਣਾ ਹੈ ਬਾਰੰਬਾਰ ਦਾ ਜੋ ਬਾਣੀ ਪੜੋ ਨਾਲੇ ਭਜਨੁ ਕਰੋ, ਦੋਮੇ ਕਰਨੇ। ਭਜਨ ਬਿਨਾ ਬਾਣੀ ਨਾਲ ਪਰੀਤੀ ਨਹੀਂ ਲਗਦੀ ਤੇ ਬਾਣੀ ਬਿਨਾ ਭਜਨ ਨਾਲ ਪਰੀਤੀ ਨਹੀ ਲਗਦੀ ਭਜਨੁ ਬਿਨਾ ਬਾਣੀ ਭਾਮੇ ਪੜੇ ਈ, ਪਰ ਬਾਣੀ ਦੇ ਮਤ ਨੂੰ ਨਹੀਂ ਸਮਝਾ ਜਾਦਾ।



ਦਿੱਲੀ ਵਿਖੇ ਮਨਾਏ ਸਤਿਗੁਰੂ ਰਾਮ ਸਿੰਘ ਜੀ ਦੇ 200ਸਾਲਾ ਪ੍ਰਕਾਸ਼ ਪੁਰਬ ਸਮੇਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਆਪਣੇ ਆਸਣ ਤੇ ਸੁਭਾਇਮਾਨ, ਹਜ਼ੂਰੀ ਵਿੱਚ ਬੈਠੇ ਸ. ਮਨਜੀਤ ਸਿੰਘ ਜੀ.ਕੇ (ਪ੍ਰਧਾਨ ਦਿ.ਸਿ.ਗੁ.ਪ੍ਰ. ਕਮੇਟੀ) ਅਤੇ ਸ. ਸਤਪਾਲ ਸਿੰਘ (ਮੀਤ ਪ੍ਰਧਾਨ ਦਿ.ਸਿ.ਗੁ.ਪ੍ਰ. ਕਮੇਟੀ) ਆਦਿ।



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ, ਨਵੀਂ ਦਿੱਲੀ ਵਿੱਖੇ ਅਰਦਾਸ ਵਿੱਚ ਹਾਜ਼ਰ ਸਾਧ-ਸੰਗਤ-ਸਟੇਜ ਦਾ ਦ੍ਰਿਸ਼-11.03.2016

## ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛਤਰ ਛਾਇਆ ਹੇਠ ਸਤਿਗੁਰੂ ਰਾਮ ਸਿੰਘ ਜੀ ਦੀ 200ਵੀਂ ਪ੍ਰਕਾਸ਼ ਵਰ੍ਹੇਗੰਢ

### ਰਾਜਨੀਤਕ ਆਗੂਆਂ ਤੇ ਹੋਰ ਪਤਵੰਤੇ ਸੱਜਣ ਹਾਜ਼ਰ

ਨਵੀਂ ਦਿੱਲੀ,੨੧-੨-੨੦੧੬ - ਸਿੱਖ ਜਗਤ ਵਿਚ ਅਧਿਆਤਮਕ ਗੁਰੂ ਆਪਣੇ ਸਿਖਾਂ ਨੂੰ ਜਨਮ ਸਫਲ ਕਰਨ ਲਈ ਕੇਵਲ ਨਾਮ ਬਾਣੀ ਯਾ ਅਧਿਆਤਮ ਨਾਲ ਹੀ ਨਹੀਂ ਜੋੜਦੇ ਬਲਕਿ ਲੋਕ ਭਲਾਈ, ਦੇਸ, ਧਰਮ, ਸਮਾਜ ਦੇ ਭਲੇ ਦੇ ਕਾਰਜਾਂ ਲਈ ਪ੍ਰੇਰਦੇ ਹਨ। ਸਮਾਜ ਵਿਚ ਕੀਤੇ ਇਹਨਾਂ ਉਪਕਾਰਾਂ ਕਰਕੇ ਨਾ ਕੇਵਲ ਨਾਮਧਾਰੀ ਗੈਰਨਾਮਧਾਰੀ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਇਤਿਹਾਸਕ ਦਿਹਾੜੇ ਨੂੰ ਬੜੀ ਸ਼ਰਧਾ ਨਾਲ ਮਨਾਉਂਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਦੀ ੨੦੦ਵੀਂ ਵਰ੍ਹੇਗੰਢ ਨੂੰ ਸਮਰਪਤ ਮਹਾਨ ਬਸੰਤ ਪੰਚਮੀ ਸਮਾਗਮ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਛਤਰ ਛਾਇਆ ਹੇਠ ਮਨਾਇਆ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਉਸਤਾਦ ਹਰਭਜਨ ਸਿੰਘ, ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਰਾਗੀ ਮਨਜੀਤ ਸਿੰਘ ਆਦਿ ਨੇ ਕੀਤਾ। ਕਵੀ ਸਜਣਾਂ ਬੀਬੀ ਸਿੰਦਰ ਕੌਰ, ਬੀਬੀ ਗੁਰਮੀਤ ਕੌਰ ਮੀਤ, ਬੀਬੀ ਸਤਵੰਤ ਕੌਰ ਮਠਾੜੂ, ਪੂਰਨ ਸਿੰਘ, ਸੋਧੀ ਸੇਵਾ ਸਿੰਘ, ਗੁਰਮੁਖ ਸਿੰਘ ਅਨੇਜਾ ਕਵਿਤਾਵਾਂ ਪੇਸ਼ ਕੀਤੀਆਂ। ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਵਿਦਿਆਰਥੀਆਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਇੰਗਲਿਸ਼ ਵਿਚ ਚਾਨਣਾ ਪਾਇਆ ਅਤੇ ਇਸੇ ਸਕੂਲ ਦੇ ਇਕ ਗਰੁੱਪ ਨੇ ਉਸਤਾਦ ਸੁਰਮੁਖ ਸਿੰਘ ਦੁਆਰਾ ਤਿਆਰ ਕਰਵਾਇਆ ਗਿਆ ਗੀਤ 'ਭੈਣੀ ਸਾਹਿਬ ਚੰਨ ਚੜ੍ਹਿਆ' ਬੜੇ ਸੁੰਦਰ ਤਰੀਕੇ ਨਾਲ ਸਾਜਾਂ ਦੇ ਬੋਲਾਂ ਦੀ ਜੁਗਲ-ਬੰਦੀ ਨਾਲ ਪੇਸ਼ ਕੀਤਾ।

(ਬਾਕੀ ਸਫਾ 2 'ਤੇ)

## ਸ੍ਰੀ ਸਤਿਗੁਰੂ ਜੀ ਨੇ ਬੀਬੀ ਸੁਖਵਿੰਦਰ ਕੌਰ ਨੂੰ ਨਵਾਂ ਸੂਬਾ ਥਾਪਿਆ



ਹੈਦਰਾਬਾਦ, 27 ਫ਼ਰਵਰੀ 2016: ਇਸ ਨਗਰੀ ਦੇ ਦੌਰੇ ਸਮੇਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਬੀਬੀ ਸੁਖਵਿੰਦਰ ਕੌਰ ਨੂੰ 'ਸੂਬਾ' ਥਾਪਣ ਦੀ ਬਖ਼ਸ਼ਸ਼ ਕੀਤੀ। ਸ੍ਰੀ ਸਤਿਗੁਰੂ ਜੀ ਵਲੋਂ ਇਹ ਪਹਿਲਾ ਇਸਤਰੀ ਸੂਬਾ ਥਾਪਿਆ ਜਾਣ ਦੀ ਕਿਰਪਾ ਹੋਈ ਹੈ। ਆਪ ਜੀ ਤੋਂ ਪਹਿਲਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਤਿੰਨ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇੱਕ ਬੀਬੀ ਸੂਬਾ ਥਾਪ ਕੇ ਬੀਬੀਆਂ ਦਾ ਮਾਣ ਵਧਾਇਆ ਸੀ। ਸੂਬਾ ਸੁਖਵਿੰਦਰ ਕੌਰ ਸੰਤ ਬਲਵਿੰਦਰਪਾਲ ਸਿੰਘ ਸਵਰਗਵਾਸੀ ਬੀ.ਬੀ. ਐਨ ਫੂਡਸ ਦੇ ਧਰਮ ਪਤਨੀ ਹਨ। ਉਹਨਾਂ ਦਾ ਸਹੁਰਾ ਸੰਤ ਸੰਤੋਖ ਸਿੰਘ ਸਪੁੱਤਰ ਸੰਤ ਤੇਜਾ ਸਿੰਘ (ਗੁਜਰਾਂਵਾਲਾ) ਦਾ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਰੋਸਾਇਆ ਪਰਵਾਰ ਹੈ। ਸੰਤ ਸੇਵਾ ਸਿੰਘ ਅਤੇ ਬੀਬੀ ਪਵਨਜੀਤ ਕੌਰ ਫਨ ਐਂਡ ਫੂਡ ਵਾਲੇ ਉਹਨਾਂ ਦੇ ਪਿਤਾ ਜੀ ਮਾਤਾ ਜੀ ਸਨ। ਬੈਂਕੇ ਚੀਮੇ (ਸ਼ੇਖੂਪੁਰਾ) ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਇਹ ਪਹਿਲਾ ਨਾਮਧਾਰੀ ਪਰਵਾਰ ਬਣਿਆ। ਸੋ ਪੇਕੇ-ਸਹੁਰੇ, ਸਤਿਗੁਰੂ ਜੀ ਦੇ ਚਰਨਾਂ ਦੇ ਭੌਰੇ ਹਨ। ਉਹਨਾਂ ਤੋਂ ਮਿਲੀ ਗੁਰਸਿੱਖੀ ਦੀ ਦਾਤ ਨੂੰ ਸੂਬਾ ਜੀ ਆਪਣੇ ਪਰਵਾਰ ਵਿੱਚ ਵੰਡਦੇ ਰਹੇ ਹਨ। ਸਾਧ-ਸੰਗਤ ਇਹਨਾਂ ਦੇ ਸੂਬਾ ਬਨਣ ਤੇ ਮਾਣ ਮਹਿਸੂਸ ਕਰਦੀ ਹੈ। ਸੂਬਾ ਜੀ ਦਾ ਕਹਿਣਾ ਹੈ, "ਅਸੀਂ ਕੁਝ ਵੀ ਨਹੀਂ, ਸਾਰੀ ਸ੍ਰੀ ਸਤਿਗੁਰੂ ਜੀ ਦੀ ਬਖ਼ਸ਼ਸ਼ ਹੈ।"

## ਸ੍ਰੀ ਸਤਿਗੁਰੂ ਜੀ ਨੇ ਗੁਰਦੁਆਰੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ

**ਨਵੀ ਦਿੱਲੀ, 11 ਮਾਰਚ :** ਅੱਜ ਇਥੇ ਨਾਮਧਾਰੀ ਗੁਰਦੁਆਰੇ ਰਮੇਸ਼ ਨਗਰ ਨਵੀਂ ਦਿੱਲੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਪਿਛਲੇ ਪਹਿਰ ਦੇ ਦਿਵਾਨ ਵਿੱਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਾਧ-ਸੰਗਤ ਦੇ ਭਰਵੇਂ ਇੱਕਠ ਨੇ ਜੈਕਾਰਿਆਂ ਨਾਲ ਆਪ ਜੀ ਦਾ ਸੁਆਗਤ ਸਤਿਕਾਰ ਕੀਤਾ। ਸਾਧ-ਸੰਗਤ ਨੇ ਬੜੇ ਸਲੀਕੇ ਨਾਲ, ਨਿਮਰਤਾ ਸਹਿਤ ਆਪ ਜੀ ਨੂੰ ਮਥਾ ਟੇਕਿਆ। ਜਥੇਦਾਰ ਦਰਸ਼ਨ ਸਿੰਘ ਦੇ ਦਿਵਾਨ ਬਾਅਦ ਨਿਤਨੇਮ ਕੀਤਾ ਗਿਆ।

ਗੁਰਦੁਆਰੇ ਅਖੰਡ ਵਰਨੀ ਚਲ ਰਹੀ ਹੈ। ਸਤਿਗੁਰੂ ਜੀ ਦੀ ਆਗਿਆ ਅਤੇ ਪ੍ਰਬੰਧਕਾਂ ਦੇ ਉਲੀਕੇ ਪ੍ਰੋਗਰਾਮ ਅਨੁਸਾਰ ਨਿਤਨੇਮ ਤੇ ਕਥਾ ਕੀਰਤਨ ਦਾ ਪਰਵਾਹ ਵੀ ਚਲਦਾ ਹੈ।

# 200ਵੀਂ ਪ੍ਰਕਾਸ਼ ਵਰ੍ਹੇ ਗੰਢ... (ਬਾਕੀ ਸਫਾ 1 ਦੀ)



**ਸ੍ਰੀ ਆਦਿ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਉਂਦੇ ਪਾਠੀ ਸਿੰਘ।**

ਇਕ ਲੜਕੇ ਲੜਕੀ ਦਾ ਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਅਨੰਦ ਮਰਯਾਦਾ ਅਨੁਸਾਰ ਅਨੰਦ ਹੋਇਆ। ਸਵੇਰ ਦੇ ਸ਼ੈਸ਼ਨ ਵਿਚ ਹੋਰ ਆਏ ਮੁੱਖ ਪਤਵੰਤੇ ਸੱਜਣਾਂ ਜਿਨਾਂ ਨੂੰ ਸਤਿਗੁਰੂ ਜੀ ਨੇ ਸਿਰਪਾਓ ਬਖਸ਼ਿਸ਼ ਕੀਤੇ।

**ਸ਼ਾਮ ਦਾ ਨਿਤਨੇਮ**- ਦਿੱਲੀ ਵਿਖੇ ਮਨਾਏ ਜਾ ਰਹੇ ਇਸ ਮਹਾਨ ਪੁਰਬ ਦਾ ਦੂਸਰਾ ਸ਼ੈਸ਼ਨ ਇਸੇ ਸੁੰਦਰ ਪੰਡਾਲ ਵਿਚ ਦੁਪਹਿਰ 2 ਵਜੇ ਬੀਬੀਆਂ ਦੇ ਦਿਵਾਨ ਤੋਂ ਆਰੰਭ ਹੋਇਆ। ਰਮੇਸ਼ ਨਗਰ, ਸਾਹਿਬਪੁਰਾ, ਰਘੁਬੀਰ ਨਗਰ, ਚੰਦਰ ਵਿਹਾਰ, ਸ਼ਾਮ ਨਗਰ, ਜਮਨਾਪਾਰ ਅਤੇ ਸਾਹਿਬਾਬਾਦ ਦੇ ਇਲਾਕੇ ਤੋਂ ਆਈ ਸਾਰੀ ਸਾਧ ਸੰਗਤ ਦਾ ਡੰਾਲ 'ਚ ਸਮਾਵੇਸ 10,000 ਤੋਂ ਵਧ ਦਾ ਸੀ। ਬੀਬੀਆਂ ਦੇ ਦਿਵਾਨ ਦੀ ਅਗਵਾਈ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੀ ਸਕੱਤਰ ਬੀਬੀ ਨਰਿੰਦਰ ਕੌਰ ਨੇ ਕੀਤੀ।

**ਕੀਰਤਨ**-ਜਥੇਦਾਰ ਦਰਸ਼ਨ ਸਿੰਘ, ਨੀਲਧਾਰੀ ਸੰਪਰਦਾ ਤੋਂ ਆਏ ਸੰਤ ਸਰਬਜੀਤ ਸਿੰਘ ਅਤੇ ਕਮਲਜੋਤ ਸਿੰਘ ਨੇ ਵੀ ਮਨੋਹਰ ਕੀਰਤਨ ਕੀਤਾ। ਜਿਸ ਦੌਰਾਨ ਸ੍ਰੀ ਹਜ਼ੂਰ ਨੇ ਸਟੇਜ ਤੇ ਆਣ ਦਰਸ਼ਨ ਦਿਤੇ।

ਉਪਰੰਤ 4.30 ਤੋਂ 5.30 ਨਾਮ ਸਿਮਰਨ ਦੀ ਅਰਦਾਸ ਹੋਈ ਜਿਸ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਲਿਆਣਕਾਰੀ ਉਪਦੇਸ਼ ਚਲਾਏ ਗਏ। ਉਪਰੰਤ ਰਾਗੀ ਸਾਜਨ ਸਿੰਘ, ਗੁਰਚਰਨ ਸਿੰਘ ਅਤੇ ਦਿੱਲੀ ਦੇ ਨੌਜਵਾਨਾਂ ਨੇ ਕੀਰਤਨ ਕੀਤਾ। ਰਾਗੀ ਮਨਜੀਤ ਸਿੰਘ ਦੇ ਗੀਤ ਤੋਂ ਬਾਅਦ ਜਥੇਦਾਰ ਨਿਸ਼ਾਨ ਸਿੰਘ ਨੇ ਦਿਵਾਨ ਸਜਾਇਆ। ਪਹਿਲਾਂ ਨਾਮਧਾਰੀ ਬੱਚੇ ਬੱਚੀਆਂ ਨੇ ਹਾਜ਼ਰੀ ਲੁਆਈ। ਬੀਬੀ ਆਤਮਾ ਕੌਰ ਪੁਤਰੀ ਸੂਬਾ ਅਰਵਿੰਦ ਸਿੰਘ ਨੇ ਅੰਗਰੇਜ਼ੀ ਭਾਸ਼ਾ ਵਿਚ ਸਤਿਗੁਰੂ ਰਾਮ ਸਿੰਘ ਜੀ ਬਾਰੇ ਆਪਣੇ ਵਿਚਾਰ ਧਰੇ, ਹਰਵਿੰਦਰ ਸਿੰਘ ਬਲਿਹਾਰਜਾਵਾਂ ਅਤੇ ਗਿਆਨ ਕੌਰ ਮਾਟਾ ਨੇ ਵੀ ਅੰਗਰੇਜ਼ੀ ਭਾਸ਼ਾ ਵਿਚ ਹਾਜ਼ਰੀ ਲੁਆਈ। ਵਿਸ਼ੇਸ਼ ਬੁਲਾਰੇ ਜਿਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਅਤੇ ਕੂਕਾ ਮੂਵਮੈਂਟ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਸਤਿਗੁਰੂ ਜੀ ਦੇ ਪਾਸੋਂ ਸਿਰੋਪਾਉ ਵੀ ਹਾਸਿਲ ਕੀਤੇ।

**ਜਥੇਦਾਰ ਬਲਦੇਵ ਸਿੰਘ ਰਾਣੀਬਾਗ**-ਨੇ ਨਾਮਧਾਰੀ ਇਤਿਹਾਸ ਨੂੰ ਹੋਰ ਪ੍ਰਚਾਰਨ ਦੀ ਗੱਲ ਕੀਤੀ।

**ਸ. ਅਵਤਾਰ ਸਿੰਘ ਹਿਤ (ਲੀਡਰ ਅਕਾਲੀ ਦਲ)**- ਨੇ ਸਤਿਗੁਰੂ ਰਾਮ ਸਿੰਘ ਜੀ ਦੇ ਬਾਕੀ ਕਾਰਜਾਂ ਦੇ ਨਾਲ ਇਸਤਰੀ ਜਾਤੀ ਤੇ ਕੀਤੇ ਪਰਉਪਕਾਰ ਅਤੇ ਗਰੀਬ ਦੇ ਭਲੇ ਦੀ ਗਲ ਕੀਤੀ।

**ਉਂਕਾਰ ਸਿੰਘ ਥਾਪਰ** ਨੇ ਵੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਪਾਏ ਆਜ਼ਾਦੀ ਦੇ ਯੋਗਦਾਨ ਨੂੰ ਸਭ ਤੋਂ ਵਡਾ ਆਖਿਆ ਤੇ ਸਰਕਾਰ ਵਲੋਂ ਮੰਗ ਕੀਤੀ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਰਾਸ਼ਟਰ ਪਿਤਾਮਾ ਦਾ ਖਿਤਾਬ ਦਿਤਾ ਜਾਵੇ।

ਜੈਨ ਧਰਮ ਤੋਂ ਆਏ **ਹਸਮੁਖ ਜੈਨ** ਨੇ ਨਾਮਧਾਰੀ ਧਰਮ ਦੀ ਨਾਤਵਿਕਤਾ ਅਤੇ ਕੂਕਾ ਅੰਦੋਲਨ ਪ੍ਰਤੀ ਸ਼ਰਧਾ ਪ੍ਰਗਟ ਕੀਤੀ।

**ਸ. ਮਨਜੀਤ ਸਿੰਘ (ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ**

**(ਬਾਕੀ ਸਫਾ 6 'ਤੇ)**




**ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਗੀਤ ਪੇਸ਼ ਕਰਦੇ ਸਕੂਲ ਦੇ ਬੱਚੇ।**



**ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਅਨੰਦ ਪ੍ਰਾਪਤ ਕਰਦੀ ਸਾਧ ਸੰਗਤ।**

# ਸਦੀ ਦੇ ਨੇੜੇ ਪੁੱਜੇ ਸੇਠ ਜੀ ਨੂੰ ਸਦੜਾ ਆ ਗਿਆ



ਸੇਠ ਤ੍ਰਿਲੋਕ ਸਿੰਘ ਜੀ 5 ਕੁ ਸਾਲ ਨੂੰ ਆਪਣੀ ਉਮਰ ਦੀ ਸਦੀ ਪੂਰੀ ਕਰ ਲੈਂਦੇ ਪਰ ਉਹਨਾਂ ਨੂੰ ਅਕਾਲ ਪੁਰਖ ਦਾ ਸੱਦਾ ਆ ਗਿਆ। ਭਾਵੇਂ ਆਖਿਰੀ ਕੁੱਝ ਸਮਾਂ ਸਿਹਤ ਨੇ ਓਹਨਾਂ ਦਾ ਸਾਥ ਨਾ ਦਿੱਤਾ ਉਹ ਆਪਣੇ ਪਰਵਾਰ ਵਿਚ ਬੰਕੋਕ ਥਾਈਲੈਂਡ ਰਹੇ ਪਰ ਉਸ ਤੋਂ ਪਹਿਲਾਂ ਉਹਨਾਂ ਨੇ ਆਪਣੀ ਸਾਂਝ ਕੇਵਲ ਆਰਥਿਕ ਤੌਰ ਤੇ ਅਮੀਰ ਸੇਠ ਵਜੋਂ ਨਹੀਂ ਬਣਾਈ। ਉਹ ਅਮੀਰ ਸਨ ਕਿਉਕਿ ਸਤਿਗੁਰੂ ਸਾਹਿਬਾਨ ਦੀਆਂ ਬਖ਼ਸ਼ਿਸ਼ਾਂ ਨਾਲ ਉਹਨਾਂ ਦੀ ਝੋਲੀ ਭਰੀ ਸੀ। ਉਹਨਾਂ ਨੇ ਰਾਜਨੀਤਕ ਤੌਰ ਤੇ ਵੀ ਨੇਤਾ ਜੀ ਬੋਸ ਅਤੇ ਪੰਡਤ ਨਹਿਰੂ ਨਾਲ ਗੂੜੀਆਂ ਸਾਂਝਾ ਰੱਖੀਆਂ। ਸੇਠ ਜੀ ਸ੍ਰੀ ਗੁਲਜਾਰੀ ਲਾਲ ਨੰਦਾ, ਸ੍ਰੀਮਤੀ ਇੰਦਰਾ ਗਾਂਧੀ, ਸ੍ਰੀ ਮੁਗਰ ਜੀ ਦੇਸਾਈ ਅਤੇ ਕਾਂਗਰਸ ਦੇ ਪ੍ਰਧਾਨ ਸ੍ਰੀ ਐਸ ਨਿੱਜੀਲਿੰਗਪਾ ਆਦਿ ਵੱਡੇ ਰਾਜਨਿਤਕ ਆਗੂਆਂ ਦੇ ਬਹੁਤ ਨਜਦੀਕ ਸਨ। ਉਹਨਾਂ ਨੂੰ ਪੰਜਾਬੀ ਭਾਸ਼ਾ ਤੇ ਸਭਿਆਚਾਰ ਲਈ ਕੰਮ ਕਰਨ ਵਾਲੇ ਆਗੂ ਸ੍ਰੀ ਮੇਹਰਬਾਨ ਸਿੰਘ ਧੂਧੀਆਂ, ਸ੍ਰੀ ਰਜਿੰਦਰ ਸਿੰਘ ਭਾਟੀਆ ਅਤੇ ਸ੍ਰੀ ਪੀ.ਐਸ ਬੇਦੀ ਤੋਂ ਬਿਨਾਂ ਬਹੁਤ ਸਾਰੇ ਵਿਦਵਾਨ ਅਤੇ ਸਹਿਤਕਾਰ ਮਿਲ ਕੇ ਮਾਣ ਮਹਿਸੂਸ ਕਰਦੇ ਸਨ। ਥਾਈਲੈਂਡ ਦੇ ਬਾਦਸ਼ਾਹ ਨਾਲ ਵੀ ਉਹਨਾਂ ਦੀ ਨਿਜੀ ਸਾਂਝ ਸੀ। ਉਹਨਾਂ ਨੇ ਸਮਾਜਿਕ ਤੌਰ ਤੇ ਵੀ ਆਪਣੇ ਆਪ ਨੂੰ ਅਮੀਰ ਰੱਖਿਆ। ਉਹ ਸਤਿਗੁਰੂ ਹਰੀ ਸਿੰਘ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਸੰਤ ਫੂਲਾ ਸਿੰਘ ਚਾਵਲਾ ਅਤੇ ਮਾਤਾ ਦਿਆਲ ਕੌਰ ਦੀ ਤਿੱਖਣਬੁਧ ਦੂਰਦਰਸ਼ੀ ਸੰਤਾਨ ਸਨ। ਉਹਨਾਂ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਤਿਅੰਤ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਸਤਿਗੁਰੂ ਉਦੈ ਸਿੰਘ ਜੀ ਦੀਆਂ ਬਖ਼ਸ਼ਿਸ਼ਾਂ ਦੇ ਪਾਤਰ ਬਣੇ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਥਾਪੜਾ ਲੈ ਕੇ ਉਹ ਮਲੇਰਕੋਟਲੇ ਸ਼ਹੀਦੀ ਅਸਥਾਨ ਦੀ ਪ੍ਰਾਪਤੀ ਲਈ ਉਦਮ ਕਰਨ ਲਗੇ। ਉਹ ਤਦਵਖਤੀ ਰੱਖਿਆ ਮੰਤਰੀ ਬਾਬੂ ਜਗਜੀਵਨ ਰਾਮ ਨੂੰ ਮਿਲੇ, ਤੇ ਆਪਣੇ ਨਾਲ ਰਾਜਨੀਤਕ ਪੱਖੋ ਸੂਝਵਾਨ ਵਿਅਕਤੀ ਸ. ਹਰਵਿੰਦਰ ਸਿੰਘ ਹੰਸਪਾਲ ਨੂੰ ਲੈ ਗਏ। ਬਾਬੂ ਜੀ ਨਾਲ ਜਦੋਂ ਭਾਰਤ ਦੀ ਅਜ਼ਾਦੀ ਲਈ ਨਾਮਧਾਰੀ ਸਿੱਖਾਂ ਦੀ ਕੁਰਬਾਨੀ ਬਾਰੇ ਗੱਲਬਾਤ ਹੋਈ ਤਾਂ ਮਲੇਰਕੋਟਲੇ ਵਾਲੀ ਥਾਂ ਦੀ ਗੱਲ ਉਚੇਚੇ ਅਧੀਨ ਸੀ। ਬਾਬੂ ਜੀ ਨੇ ਫੋਰਨ ਹਾਮੀ ਭਰ ਦਿੱਤੀ। ਬਾਬੂ ਜੀ ਨੇ ਕਿਹਾ "ਅਰੇ ਆਪ ਤੋ ਸਾਰੇ ਹਿੰਦੁਸਤਾਨ ਕੇ ਮਾਲਕ ਹੈ ਨਾਮਧਾਰੀ ਸਿਖੋਂ ਕੀ ਕੁਰਬਾਨੀਓ ਕੇ ਕਾਰਣ ਹਮ ਆਜ ਆਜ਼ਾਦ ਹੈਂ। ਕੋਈ ਔਰ ਸੇਵਾ ਬਤਾਈਏ," ਫਾਈਲ ਦੇ ਉੱਤੇ ਨੋਟ ਵੀ ਬਾਬੂ ਜੀ ਨੇ ਇਨਾਂ ਹੀ ਜ਼ੋਰਦਾਰ ਸ਼ਬਦਾਂ ਵਿੱਚ ਲਿਖਿਆ।

ਸੇਠ ਜੀ ਨੂੰ ਸਤਿਗੁਰੂ ਜੀ ਨੇ ਬੇਅੰਤ ਖ਼ੁਸ਼ੀਆਂ ਬਖ਼ਸ਼ੀਆਂ।" ਸੇਠ ਤ੍ਰਿਲੋਕ ਸਿੰਘ ਚਾਵਲਾ ਦਾ ਬਚਪਨ ਸ਼ੇਖੂਪੁਰਾ (ਅੰਣ ਵੰਡਿਆ ਹਿੰਦੁਸਤਾਨ) ਬੀਤਿਆ ਪਰ ਉਹਨਾਂ ਦਾ ਕਾਰ ਵਿਹਾਰ ਥਾਈਲੈਂਡ ਰਿਹਾ ਉਥੇ ਹੀ ਅਜ਼ਾਦ ਹਿੰਦ ਫ਼ੋਜ ਨੇ ਜਦੋਂ ਅੰਗਰੇਜਾਂ ਵਿਰੁੱਧ ਲੜਾਈ ਲੜਨੀ ਸ਼ੁਰੂ ਕੀਤੀ ਤਾਂ ਸੇਠ ਜੀ ਦੀ ਲਗਨ, ਮਿਹਨਤ, ਜੂਨੂੰਨ ਨੂੰ ਵੇਖ ਕੇ ਨੇਤਾਜੀ ਸੁਭਾਸ਼ ਚੰਦਰ ਬੋਸ ਨੇ ਇਹਨਾਂ ਨੂੰ ਆਪਣਾ ਨਿਜੀ ਸਕੱਤਰ ਬਣਾਇਆ ਅਤੇ ਇਹਨਾਂ ਕੋਲ ਨੇਤਾ ਜੀ ਦੀ ਯਾਦ ਵਜੋਂ ਉਹਨਾਂ ਦੀਆਂ ਦਿੱਤੀਆ ਦੋ ਪਿਸਤੋਲਾਂ ਹਨ। ਇਹਨਾਂ ਭਾਰਤ ਥਾਈਲੈਂਡ ਸੰਬੰਧਾ ਲਈ ਇੰਡੋ ਥਾਈ ਐਸੋਸੀਏਸ਼ਨ ਬਣਾਈ ਜਿਸ ਰਾਹੀਂ ਬਾਦਸ਼ਾਹ ਦਾ ਜਨਮ ਦਿਨ ਦਿੱਲੀ ਵਿੱਚ ਹਰ ਸਾਲ ਮਨਾਉਂਦੇ ਰਹੇ।

ਇਹਨਾਂ ਨੇ ਥਾਈਲੈਂਡ ਵਿੱਚ ਅਜੁਧਿਆ ਬੈਂਕ ਅਤੇ ਭਾਰਤ ਵਿੱਚ ਟਰੇਡਰਸ ਬੈਂਕ ਚਲਾਉਂਣ ਵਿੱਚ ਆਗੂ ਦੀ ਭੂਮਿਕਾ ਨਿਭਾਈ। ਦਿੱਲੀ ਵਿੱਚ ਪੂਸਾ ਰੋਡ ਤੇ ਇਹਨਾਂ ਦੀਆਂ ਦੋਵੇਂ ਕੋਠੀਆਂ ਸਾਧ-ਸੰਗਤ ਲਈ ਖਿਚ ਦਾ ਕੇਂਦਰ ਰਹੀਆਂ ਕਿਉਕਿ ਉਹਨਾਂ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦਰਸ਼ਨ ਦੇਂਦੇ ਸਨ ਅਤੇ ਸਿੱਖਾਂ ਸੇਵਕਾਂ ਨਾਲ ਗਹਿਮਾ ਗਹਿਮੀ ਰਹਿੰਦੀ ਸੀ। ਆਪ ਜੀ ਦੀ ਜੀਵਨ ਸੰਘਣੀ ਸੇਠਾਣੀ ਮਹਿੰਦਰ ਕੌਰ ਬੜੇ ਚਾਅ ਨਾਲ ਸਭ ਦੀ ਸੇਵਾ ਦਾ ਧਿਆਨ ਰੱਖਦੇ ਸਨ। ਆਪ ਜੀ ਦੇ ਪਰਵਾਰ ਵਿੱਚ 7 ਲੜਕੇ ਅਤੇ 1 ਲੜਕੀ ਹੈ ਪਰ ਕੁਦਰਤ ਨੇ ਸੇਠਾਣੀ ਜੀ ਤੋਂ ਬਾਅਦ ਛੋਟੇ ਪੁੱਤਰ ਸੰਤ ਸੰਤੋਖ ਸਿੰਘ ਨੇ ਸਦੀਵੀ ਵਿਛੋੜਾ ਦਿੱਤਾ।

ਜਦੋਂ ਵੀ ਮਾਤਾ ਚੰਦ ਕੌਰ ਜੀ ਜਾਂ ਸਤਿਗੁਰੂ ਉਦੈ ਸਿੰਘ ਜੀ ਥਾਈਲੈਂਡ ਦੀ ਧਰਤੀ ਨੂੰ ਭਾਗ ਲਾਉਂਦੇ ਤਾਂ ਉਚੇਚੇ ਤੋਰ ਤੇ ਸੇਠ ਜੀ ਨੂੰ ਦਰਸ਼ਨ ਦੇਂਦੇ। 2 ਫ਼ਰਵਰੀ 2016 ਈ. ਨੂੰ ਸੇਠ ਜੀ ਦੇ ਆਸਾਰ ਸੰਸਾਰ ਨੂੰ ਛੱਡਣ ਤੋਂ ਬਾਅਦ ਪਰਵਾਰ ਦੀ ਅਰਜ਼ ਮਨ ਕੇ ਸਤਿਗੁਰੂ ਉਦੈ ਸਿੰਘ ਜੀ ਨੇ ਦਰਸ਼ਨ ਦਿੱਤੇ। ਉਹਨਾਂ ਦੇ ਸਰੀਰ ਨੂੰ ਅੰਤਮ ਯਾਤਰਾ ਵਾਸਤੇ ਲੈ ਜਾਣ ਤੋਂ ਪਹਿਲਾਂ ਸਤਿਗੁਰੂ ਜੀ ਨੇ ਉਹਨਾਂ ਦੇ ਸੀਸ ਉੱਤੇ ਦਸਤਾਰ ਸਜਾਈ। ਬਿਜਲਈ ਚਿਤਾ ਵਿੱਚ ਤਾਬੂਤ ਨੂੰ ਭੇਜਣ ਸਮੇਂ ਸਤਿਗੁਰੂ ਜੀ ਨੇ ਉਹਨਾਂ ਨੂੰ ਅੰਤਮ ਪੁਸ਼ (ਅੰਤਮ ਵਿਦਾਈ) ਦਿੱਤੀ ਅਤੇ ਵਿਸ਼ਨੂੰ ਮੰਦਰ ਵਿੱਚ ਸੇਠ ਜੀ ਦਾ ਪੰਜ ਤੱਤ ਦਾ ਸਰੀਰ ਤੱਤਾਂ ਵਿੱਚ ਮਿਲ ਗਿਆ।

ਸੇਠ ਜੀ ਦੇ ਤਿੰਨ ਲੜਕੇ ਸਰਵ ਸੰਤ ਬਖ਼ਸ਼ੀਸ਼ ਸਿੰਘ, ਧਰਮ ਸਿੰਘ, ਸੋਹਣ ਸਿੰਘ ਤਾਂ ਬੰਕੋਕ ਹੀ ਸਨ। ਬਲਦੇਵ ਸਿੰਘ, ਸ਼ੇਰ ਸਿੰਘ, ਧਰਮ ਪਤਨੀ ਚਰਨਜੀਤ ਕੌਰ ਨਾਲ ਭੁਪਿੰਦਰ ਸਿੰਘ ਧਰਮ ਪਤਨੀ ਪਰਮਰਾਜ ਕੌਰ ਅਤੇ ਸਪੁੱਤਰੀ ਗੁਰਦੀਪ ਕੌਰ ਆਪਣੇ ਪਤੀ ਦਲਜੀਤ ਸਿੰਘ ਨਾਲ ਅਮਰੀਕਾ ਤੋਂ ਆਏ। 9 ਫ਼ਰਵਰੀ 2016 ਨੰ ਸੇਠ ਜੀ ਨਮਿਤ ਕੀਰਤਨ ਅਤੇ ਪਾਠ ਦਾ ਭੋਗ ਸੋਇ ਅਸੋਕ ਗੁਰਦੁਆਰੇ ਪਾਇਆ ਗਿਆ, ਜਿਸ ਵਿੱਚ ਥਾਈਲੈਂਡ ਪਾਰਲੀਮੈਂਟ ਦੇ ਸਾਬਕਾ ਸਪੀਕਰ ਭਾਰਤ ਵਿੱਚ ਥਾਈਲੈਂਡ ਦੇ ਸਾਬਕਾ ਰਾਜਦੂਤ ਸੇਠ ਹਰਮਿੰਦਰ ਸਿੰਘ ਸੇਠੀ ਅਤੇ ਸਾਬਕਾ ਮੈਂਬਰ ਰਾਜ ਸਭਾ ਸ. ਹਰਵਿੰਦਰ ਸਿੰਘ ਹੰਸਪਾਲ ਤੋਂ ਬਿਨਾਂ ਸਾਧ ਸੰਗਤ ਨੇ ਵੱਡੀ ਗਿਣਤੀ ਵਿੱਚ ਦਰਸ਼ਨ ਦਿੱਤੇ। ਸੇਠ ਜੀ ਦੇ ਸਭ ਤੋਂ ਵਡੇ ਲੜਕੇ ਸੰਤ ਬਖ਼ਸ਼ੀਸ਼ ਸਿੰਘ ਨੂੰ ਸੰਤ ਨਰਾਇਣ ਸਿੰਘ ਨਰੂਲਾ ਨੇ ਦਸਤਾਰ ਸਜਾਈ। ਪਰਵਾਰ ਵਲੋਂ ਆਈ ਸਾਧ-ਸੰਗਤ ਦਾ ਧੰਨਵਾਦ ਕੀਤਾ ਗਿਆ।

**-ਤਾਰਾ ਸਿੰਘ ਅਨਜਾਣ**

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਦਸਵੰਧ ਜ਼ਰੂਰ ਕਢਿਆ ਕਰੋ

*ਆਪਣੀ ਕਮਾਈ ਵਿਚੋਂ ਦਸਵੰਧ ਜ਼ਰੂਰ ਕੱਢਿਆ ਕਰੋ। ਕਈ ਵੇਰਾਂ ਮਨ ਨਹੀਂ ਕਰਦਾ ਦਸਵੰਧ ਦੇਣ ਨੂੰ। ਅਸੀਂ ਵੇਖਦੇ ਹਾਂ ਬੜੇ ਬੜੇ ਪੈਸਿਆਂ ਵਾਲੇ ਜਿਹੜੇ ਦਸਵੰਧ ਨਹੀਂ ਕੱਢਦੇ ਉਹਨਾਂ ਦਾ ਕੀ ਹਾਲ ਹੁੰਦੈ? ਸੋ ਦਸਵੰਧ ਕੱਢਿਆ ਕਰੋ। ਜਿਹੜਾ ਪੈਸਾ ਏਧਰ ਲਗਣੈ ਉਹ ਕਿਸੇ ਚੰਗੇ ਕੰਮ ਆਏਗਾ। ਨਾ ਉਹ ਸਿਨਮੇ ਵਿਚ ਲਗ ਸਕੇਗਾ ਤੇ ਨਾ ਹੋਰ ਮਾੜੇ ਪਾਸੇ ਜਾ ਕੇ ਲਗ ਸਕਦੈ।*

❖❖❖

## ਬੱਚਿਆਂ ਨੂੰ ਨਾਮ ਸਿਮਰਨ ਦੀ ਜਾਚ ਦਸੋ

*ਆਪੋ ਆਪਣੇ ਘਰਾਂ ਵਿਚ ਬੈਠ ਕੇ ਬੱਚਿਆਂ ਨੂੰ ਨਾਲ ਬਿਠਾ ਕੇ ਨਾਮ ਸਿਮਰਨ ਕਰਿਆ ਕਰੋ। ਜਿਵੇਂ ਰੋਟੀ ਖਾਣ ਦੀ ਜਾਚ ਦੱਸਦੇ ਹੋ, ਕੱਪੜੇ ਪਾਣ ਦੀ ਜਾਚ ਦੱਸਦੇ ਹੋ, ਜਿਵੇਂ ਸਕੂਲੇ ਜਾਣ ਦੀ ਜਾਚ ਦੱਸਦੇ ਹੋ-ਨਾਮ ਸਿਮਰਨ ਕਰਨ ਦੀ ਜਾਚ ਵੀ ਬੱਚਿਆਂ ਨੂੰ ਦੱਸਿਆ ਕਰੋ।*

❖❖❖



# ਗੁਰ ਉਪਦੇਸ਼
# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਸਤਿਗੁਰੂ ਜੀ ਨੇ ਕੀਰਤਨ ਦਾ ਸਟੇਟਸ ਉੱਚਾ ਬਣਾ ਦਿੱਤਾ



ਇਹ ਕੀਰਤਨ ਜਿਹੜਾ ਰਾਗੀਆਂ ਨੇ ਕੀਤਾ ਏ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਨੇ ਕਿਰਪਾ ਕੀਤੀ ਏ ਇਹਨਾਂ ਤੇ। ਜਦੋਂ ਅਸੀਂ ਇਹ ਸੰਗੀਤ ਸੁਣਦੇ ਹਾਂ ਸਾਨੂੰ ਉਦੋਂ ਹੀ ਸੱਚੇ ਪਾਤਸ਼ਾਹ ਜੀ ਦੀ ਯਾਦ ਆ ਜਾਂਦੀ ਏ। ਸਤਿਗੁਰੂ ਜੀ ਨੇ ਕੀਰਤਨ ਦਾ ਸਟੇਟਸ ਐਨਾ ਉੱਚਾ ਬਣਾ ਦਿਤਾ ਹੈ ਕਿ ਹੋਰ ਕਿਸੇ ਦੂਸਰੇ ਕੀਰਤਨ ਦਾ ਸਵਾਦ ਹੀ ਨਹੀਂ ਆਉਂਦਾ। ਇਕ ਮੈਂ ਹੋਰ ਵੀ ਅਰਜ਼ ਕਰਦਾ ਹਾਂ ਕਿ ਸਤਿਗੁਰੂ ਸਚੇ ਪਾਤਸ਼ਾਹ ਜੀ ਹੁਕਮ ਕਰਦੇ ਸੀ ਕਿ ਹਰ ਸਿੱਖ ਬੱਚੇ ਵਿਚੋਂ ਸੰਗੀਤ ਦੀ ਖੁਸ਼ਬੋ ਆਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਇਹ ਬਚਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੂਰਾ ਕੀਤਾ। ਆਪਣਾ ਕੀਰਤਨ ਜਿਥੇ ਜਿਥੇ ਵੀ ਕਰਦੇ ਹੋ, ਇਹ ਬੜੀ ਚੰਗੀ ਗਲ ਏ, ਹਰ ਥਾਈਂ ਵਾਰੇ ਲਗਦੇ ਨੇ, ਵਾਰਾਂ ਲਗਦੀਆਂ ਨੇ। ਜਿਥੇ ਪ੍ਰਯੋਗ ਹੁੰਦੇ ਨੇ ਉਹਨਾਂ ਨੂੰ ਵੀ ਮੈਂ ਅਰਜ਼ ਬੇਨਤੀ ਕਰਦਾ ਹਾਂ ਕਿ ਕੀਰਤਨ ਜਿਥੇ ਵੀ ਹੋਵੇ ਉਹ ਸੁਰ ਵਿਚ ਹੋਵੇ, ਜਦੋਂ ਅਸੀਂ ਗਰੀਬ ਨਿਵਾਜ ਦਾ ਸਿਖਾਇਆ ਕੀਰਤਨ ਸੁਣਾਂਗੇ ਸਾਡਾ ਆਪਣਾ ਮਨ ਵੀ ਲਗੇਗਾ। ਸੱਚੇ ਪਾਤਸ਼ਾਹ ਜੀ ਦਾ ਹੁਕਮ ਮੰਨਿਆ ਜਾਵੇਗਾ ਅਤੇ ਸੱਚੇ ਪਾਤਸ਼ਾਹ ਜੀ ਦੀ ਯਾਦ ਸਾਡੇ ਮਨਾਂ ਵਿਚ ਰਹੇਗੀ।

# ਟਰਾਂਟੋ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੇਲਾ

**ਟਰਾਂਟੋ**-ਟਰਾਂਟੋ ਦੀ ਨਾਮਧਾਰੀ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200ਵਾਂ ਪ੍ਰਕਾਸ਼ ਪੁਰਬ ਬੜੀ ਸ਼ਰਧਾ ਨਾਲ ਮਨਾਇਆ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਨਾਮਧਾਰੀ ਸਾਧ ਸੰਗਤ ਟਰਾਂਟੋ ਨੇ 13, 14 ਫਰਵਰੀ ਨੂੰ ਨਾਮਧਾਰੀ ਧਰਮਸ਼ਾਲਾ 'ਚ ਬਸੰਤ ਪੰਚਮੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200ਵਾਂ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਨਾਮ ਸਿਮਰਨ, ਕਥਾ ਕੀਰਤਨ, ਹਵਨ ਕਰਕੇ ਅਤੇ 4 ਸਧਾਰਨ ਪਾਠਾਂ ਦੇ ਭੋਗ ਪਾ ਕੇ ਮਨਾਇਆ।

13 ਫਰਵਰੀ ਨੂੰ ਅੰਮ੍ਰਿਤ ਵੇਲੇ ਹਰ ਰੋਜ਼ ਦੀ ਤਰ੍ਹਾਂ ਪਹਿਲਾਂ ਇਕ ਘੰਟਾ ਨਾਮ ਸਿਮਰਨ ਹੋਇਆ ਤੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਸ਼ਾਮ ਨੂੰ 6 ਤੋਂ 7 ਨਾਮ ਸਿਮਰਨ ਕਰਦਿਆਂ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਰਿਕਾਰਡ ਪਵਿੱਤਰ ਉਪਦੇਸ਼ ਸਰਵਣ ਕੀਤੇ। ਅਰਦਾਸ ਉਪਰੰਤ ਸੰਤ ਹਰਪਾਲ ਸਿੰਘ ਕੱਲਾ ਨੇ ਅਗਲਾ ਪ੍ਰੋਗਰਾਮ ਦੱਸਣ ਤੋਂ ਪਹਿਲਾਂ ਸਾਰੀ ਸਾਧ ਸੰਗਤ ਨੂੰ ਜੀ ਆਇਆਂ ਆਖਦਿਆਂ ਬਸੰਤ ਪੰਚਮੀ - ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਤੇ ਹੋਣ ਜਾ ਰਹੇ ਪ੍ਰੋਗਰਾਮ ਬਾਰੇ ਦੱਸਿਆ।

ਸੰਤ ਗੁਰਬਖਸ਼ ਸਿੰਘ ਪੁਤਰ ਸਵ: ਸੰਤ ਤਰਸੇਮ ਸਿੰਘ (ਨਿਜੀ ਸਕੱਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ) ਨੇ ਗੁਰਬਾਣੀ ਕੀਰਤਨ ਕਰਦਿਆਂ ਸ਼ਬਦ ਸੁਣਾਇਆਂ : ***ਰਸਨਾ ਜਪਤੀ ਤੂੰ ਹੀ ਤੂੰ ਹੀ....।।***

ਇਹਨਾਂ ਨਾਲ ਤਬਲੇ ਤੇ ਸੰਗਤ ਸੰਤ ਹਰਪਾਲ ਸਿੰਘ ਨੇ ਕੀਤੀ ਅਤੇ ਹੋਰ ਸਹਿਯੋਗੀ ਸਨ ਸਰਵ ਸੰਤ ਬਲਦੇਵ ਸਿੰਘ, ਅਮਰੀਕ ਸਿੰਘ, ਹਰਨਾਮ ਸਿੰਘ ਕੱਲਾ, ਹਰਨਾਮ ਸਿੰਘ ਬੜਵਾਲ ਅਤੇ ਬਦਨ ਸਿੰਘ।

ਸੂਬਾ ਗੁਰਦਿਆਲ ਸਿੰਘ ਨੇ ਹੱਲੇ ਦਾ ਦਿਵਾਨ ਲਾ ਕੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਕੀਤੇ ਗਏ ਉਪਕਾਰਾਂ ਨਾਲ ਸਾਧ ਸੰਗਤ ਨੂੰ ਜੋੜਿਆ। ਉਹਨਾਂ ਦੇ ਦਿਵਾਨ ਦੀਆਂ ਧਾਰਨਾਵਾਂ ਸਨ :

*- ਮੈਂ ਲਖ ਵਾਰੀ ਪ੍ਰਨਾਮ ਕਰਾਂ ਸਤਿਗੁਰ ਚੀਨੀ ਵਾਲੇ ਨੂੰ।*

*- ਜਾਮੇਂ ਧਾਰ ਧਾਰ ਜੱਗ ਵਿਚ ਆਉਂਦਾ ਜਗ ਦੇ ਤਾਰਨੇ ਨੂੰ।*

*- ਪਾਪ ਕਟਤੇ ਗੁਰਾਂ ਨੇ ਸਾਰੇ, ਦਰ ਆਏ ਪਾਪੀਆਂ ਨੂੰ।*

ਉਪਰੰਤ ਗੁਰਦੀਪ ਸਿੰਘ ਨਾਮਧਾਰੀ ਨੇ ਆਪਣੇ ਸ਼ਬਦਾਂ 'ਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਾਧ ਸੰਗਤ ਨੂੰ ਵਧਾਈ ਦੇਂਦਿਆਂ ਹੋਇਆ ਇਕ ਕਵਿਤਾ ਸੁਣਾ ਕੇ ਸ਼ਰਧਾ ਪ੍ਰਗਟਾਈ।

ਉਪਰੰਤ 3 ਸਧਾਰਨ ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ ਪਾਏ ਗਏ 2 ਪਾਠ ਸੰਤ ਹਰਵੰਤ ਸਿੰਘ ਅਤੇ 1 ਪਾਠ ਸੰਤ ਸਤਨਾਮ ਸਿੰਘ ਮੁਕਤਾ ਵਲੋਂ ਸੀ।

**14 ਫਰਵਰੀ** ਨੂੰ ਅੰਮ੍ਰਿਤ ਵੇਲੇ ਨਾਮ ਸਿਮਰਨ ਕਰਦਿਆਂ ਸਾਧ ਸੰਗਤ ਨੇ ਕੀਰਤਨ ਦਾ ਆਨੰਦ ਸਕਰੀਨ ਰਾਹੀਂ ਮਾਣਿਆ। ਬਾਅਦ ਵਿਚ ਇਥੋਂ ਦੇ ਨੌਜਵਾਨਾਂ ਵਲੋਂ ਇਕ ਹਵਨ ਪੂਰਨ ਗੁਰ ਮਰਯਾਦਾ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਕੀਤਾ ਅਤੇ ਇਕ ਸਧਾਰਨ ਪਾਠ ਦਾ ਭੋਗ ਗੁਪਤ ਪਰਿਵਾਰ ਵਲੋਂ ਪਵਾਇਆ ਗਿਆ।

ਸ਼ਾਮ ਨੂੰ ਇਕ ਘੰਟਾ ਨਾਮ ਸਿਮਰਨ ਕਰਦਿਆਂ ਸਾਧ ਸੰਗਤ ਨੇ ਸਤਿਗੁਰੂ ਜੀ ਦਾ ਪਵਿੱਤਰ ਉਪਦੇਸ਼ ਸਰਵਣ ਕੀਤਾ। ਉਪਰੰਤ ਸੂਬਾ ਗੁਰਦਿਆਲ ਸਿੰਘ ਤੇ ਸੰਤ ਅਮਰ ਸਿੰਘ ਰਾਏ ਨੇ ਆਪਣੇ ਆਪਣੇ ਸ਼ਬਦਾਂ ਦੁਆਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਰੌਸ਼ਨੀ ਪਾਈ। ਸੰਤ ਬਲਦੇਵ ਸਿੰਘ ਨੇ ਗੀਤ :

*ਨਾਮਧਾਰੀ ਪੰਥ ਨੂੰ ਵਧਾਈ ਏ ਵਧਾਈ ਏ।*

ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਸੰਤ ਹਰਪਾਲ ਸਿੰਘ ਨੇ ਸਾਰੀ ਸਾਧ ਸੰਗਤ ਦਾ ਧੰਨਵਾਦ ਕਰਦਿਆਂ ਸੰਤ ਗੁਰਮੁਖ ਸਿੰਘ ਸਿਆਨ ਜੋ ਸਾਰੇ ਪਰਿਵਾਰ ਸਹਿਤ ਬਫਲੋ, ਨਿਊਯਾਰਕ ਤੋਂ ਆਏ ਸਨ ਨੂੰ ਜੀ ਆਇਆਂ ਆਖਿਆ ਤੇ ਅਗੋਂ ਵੀ ਦਰਸ਼ਨ ਦੇਂਦੇ ਰਹਿਣ ਲਈ ਬੇਨਤੀ ਕੀਤੀ। ਸੇਵਾਦਾਰਾਂ ਨੇ ਲੰਗਰ ਦੀ ਸੇਵਾ ਬੜੀ ਸ਼ਰਧਾ ਨਾਲ ਕੀਤੀ ਜੋ ਧੰਨਵਾਦ ਦੇ ਪਾਤਰ ਹਨ।

**-ਗੁਰਦੀਪ ਸਿੰਘ ਨਾਮਧਾਰੀ ਕਨੇਡਾ**

# ਲੁਧਿਆਣਾ ਵਿਖੇ ਮਹਾਨ ਸ਼ਾਸਤਰੀ ਸੰਗੀਤ ਸੰਮੇਲਨ



**ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸੰਗੀਤ ਸੰਮੇਲਨ ਦੀ ਸ਼ੁਰੂਆਤ ਦੀਪ ਪ੍ਰਜਵਲਤ ਕਰਕੇ ਕਰਦੇ ਹੋਏ।**




**ਲੁਧਿਆਣਾ ਵਿਖੇ ਸੰਗੀਤ ਸੰਮੇਲਨ ਦੌਰਾਨ ਸ੍ਰੀ ਤਰਲੋਕ ਗੁਰਤੂ ਜੀ ਆਪਣੀ ਕਲਾ ਦੀ ਸ਼ੁਰੂਆਤ ਕਰਨ ਸਮੇਂ।**

**13 ਫਰਵਰੀ 2016**-ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਅੱਜ ਲੁਧਿਆਣਾ ਦੇ ਗੁਰੂ ਨਾਨਕ ਦੇਵ ਭਵਨ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਮਹਾ ਸ਼ਾਸਤਰੀ ਸੰਗੀਤ ਸੰਮੇਲਨ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸੰਤ ਸੰਸਾਰ ਪ੍ਰਸਿੱਧ ਡਰਮਰ ਅਤੇ ਤਬਲਾ ਵਾਦਨ ਸ੍ਰੀ ਤਰਲੋਕ ਗੁਰਤੂ ਜੀ, ਸੁਖਵਿੰਦਰ ਸਿੰਘ ਨਾਮਧਾਰੀ (ਪਿੰਕੀ), ਰਾਗੀ ਬਲਵੰਤ ਸਿੰਘ ਨਾਮਧਾਰੀ ਅਤੇ ਹਰਪ੍ਰੀਤ ਸਿੰਘ ਸੋਨੂੰ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਜੋਤ ਜਲਾ ਕੇ ਇਸ ਸੰਗੀਤਮਈ ਸ਼ਾਮ ਦੀ ਸ਼ੁਰੂਆਤ ਕੀਤੀ। ਸੰਤ ਸੁਰਿੰਦਰ ਸਿੰਘ, ਸੂਬਾ ਹਰਭਜਨ ਸਿੰਘ, ਅਮਰਜੀਤ ਸਿੰਘ ਭੁਰਜੀ, ਜਗਮੋਹਨ ਸਿੰਘ ਔਸਟਰ, ਤਰਲੋਚਨ ਸਿੰਘ ਮਠਾਰੂ, ਗੁਰਬਚਨ ਸਿੰਘ ਲਵਲੀ, ਸੁਰਿੰਦਰ ਸਿੰਘ ਭਾਈਜੀ, ਗੁਰਮੁੱਖ ਸਿੰਘ ਰਹਿਬਰ, ਗਿਆਨੀ ਜੋਗਿੰਦਰ ਸਿੰਘ, ਬੀਬੀ ਸੁਖਜੀਤ ਕੌਰ, ਬੀਬੀ ਅਮਰਜੀਤ ਕੌਰ, ਬੀਬੀ ਕੁਲਵੰਤ ਕੌਰ, ਗੁਰਮੁਖ ਸਿੰਘ ਸਾਜਨ ਨੇ ਸੰਗਤ ਵਲੋਂ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ। ਨਾਮਧਾਰੀ ਪੰਥ ਦੇ ਮਹਾਨ ਰਾਗੀ ਬਲਵੰਤ ਸਿੰਘ ਨੇ ਸਮਾਗਮ ਦੀ ਸ਼ੁਰੂਆਤ ਕਰਨ ਲਈ ਸਟੇਜ ਤੇ ਆਏ ਉਹਨਾਂ ਦੇ ਨਾਲ ਤਬਲੇ ਤੇ ਸੰਗਤ ਸੰਸਾਰ ਪ੍ਰਸਿੱਧ ਤਬਲਾ ਵਾਦਕ ਸ. ਸੁਖਵਿੰਦਰ ਸਿੰਘ ਪਿੰਕੀ ਅਤੇ ਸ. ਹਰਪ੍ਰੀਤ ਸਿੰਘ ਸੋਨੂੰ ਹਰਮੋਨੀਅਮ ਤੇ ਸਰਗਮ ਦੇ ਰਹੇ ਸਨ ਠਾਕੁਰ ਸਿੰਘ ਜੀ।

ਰਾਗੀ ਬਲਵੰਤ ਸਿੰਘ ਨੇ ਰਾਗ ਪੁਰੀਆ ਧਨਾਸਰੀ ਵਿਚ ਬੰਦਿਸ਼ਾਂ ਸੁਣਾਈਆਂ ਬਾਅਦ ਵਿਚ ਰਾਗ ਜਮੀਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸਿਖਾਈਆਂ ਬੰਦਿਸ਼ਾਂ ਤਲਵੰਡੀ ਘਰਾਣੇ ਦੀਆਂ ਅਤੇ ਪੰਡਿਤ ਮਹਾਂਦੇਵ ਦੀਆਂ ਸਿਖਾਈਆਂ ਬੰਦਿਸ਼ਾਂ ਸੁਣਾ ਮਾਹੌਲ ਨੂੰ ਬਹੁਤ ਹੀ ਖੁਸ਼ ਗਵਾਰ ਬਣਾ ਦਿੱਤਾ।

ਹੁਣ ਟਾਈਮ ਸੀ ਵਿਸ਼ੇਸ਼ ਤੌਰ ਤੇ ਬੁਲਾਏ ਮਹਾਨ ਕਲਾਕਾਰਾਂ ਸ੍ਰੀ ਤਰਲੋਕ ਗੁਰਤੂ ਜੀ ਦੇ ਸਟੇਜ ਤੇ ਆਉਣ ਦਾ। ਸਟੇਜ ਸਕੱਤਰ ਸ. ਜਸਵੰਤ ਸਿੰਘ ਜਫਰ ਨੇ ਸ੍ਰੀ ਗੁਰਤੂ ਜੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮਹਾਨ ਕਲਾਕਾਰ ਨੇ ਆਪਣੀ ਸੰਗੀਤ ਦੀ ਸ਼ੁਰੂਆਤ ਤਬਲੇ ਤੋਂ ਕੀਤੀ ਤੇ ਹੁਣ ਇਸ ਸੰਸਾਰ ਦੇ ਨੰਬਰ ਇਕ ਡਰਮ ਵਾਦਕ ਹਨ। ਇਹ ਦੇਸ਼ ਦੇ ਮਹਾਨ ਕਲਾਕਾਰ ਸ਼ੋਭਾ ਗੁਰਤੂ ਜੀ ਦੇ ਬੇਟੇ ਹਨ ਅਤੇ ਆਪਣੀ ਮੁਢਲੀ ਸੰਗੀਤ ਦੀ ਵਿਦਿਆ ਵੀ ਆਪਣੀ ਮਾਤਾ ਜੀ ਤੋਂ ਹੀ ਲਈ ਹੈ। ਸ੍ਰੀ ਤਰਲੋਕ ਗੁਰਤੂ ਜੀ ਨੇ ਪ੍ਰੋਗਰਾਮ ਤੋਂ ਪਹਿਲਾਂ ਬੋਲਦਿਆਂ ਕਿਹਾ ਕਿ ਇਹ ਮੇਰਾ ਬਹੁਤ ਵਡਾ ਸੁਭਾਗ ਹੈ ਜੋ ਮੈਂ ਸ੍ਰੀ ਸਤਿਗੁਰੂ ਜੀ ਦੇ ਸਮੇਂ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਰਿਹਾ ਹਾਂ ਅਤੇ ਮੇਰੇ ਸਾਹਮਣੇ ਸੰਗੀਤ ਨੂੰ ਸਮਝਣ ਵਾਲੇ ਸਰੋਤੇ ਬੈਠੇ ਹਨ। ਉਹਨਾਂ ਨੇ ਕਿਹਾ ਕਿ ਜੋ ਵੀ ਹੁਣ ਵੈਸਟਰਨ ਮਿਊਜ਼ਕ ਹੈ ਉਸਨੂੰ ਜਨਮ ਤਾਂ ਸ਼ਾਸਤੀ ਮਿਊਜ਼ਕ ਨੇ ਹੀ ਦਿੱਤਾ ਹੈ। ਉਹਨਾਂ ਨੇ ਸਾਡੇ ਹੀ ਸੰਗੀਤ ਤੋਂ ਲੈ ਕੇ ਆਪਣਾ ਸੰਗੀਤ ਬਣਾਇਆ ਹੈ। ਗੁਰਤੂ ਜੀ ਨੇ ਜਦੋਂ ਆਪਣੇ ਸਾਜ਼ਾਂ ਨੂੰ ਛੇੜਿਆਂ ਤਾਂ ਹਾਲ ਵਿਚ ਬਿਲਕੁਲ ਸ਼ਾਂਤੀ ਹੋ ਗਈ। ਸਾਰੀ ਸੰਗਤ ਇਹ ਦੇਖ ਅਤੇ ਸੁਣ ਰਹੀ ਸੀ ਤੇ ਇਹਨਾਂ ਸਾਰੇ ਸਾਜ਼ਾਂ ਨੂੰ ਕੋਈ ਕਿਸ ਤਰ੍ਹਾਂ ਇੰਨੀ ਖੂਬਸੂਰਤੀ ਨਾਲ ਵਜਾ ਸਕਦਾ ਹੈ। ਇਹ ਅਲਗ ਹੀ ਤਰ੍ਹਾਂ ਦਾ ਮਾਹੌਲ ਹਾਲ ਵਿਚ ਬਣ ਗਿਆ ਤੇ ਟਾਈਮ ਦਾ ਪਤਾ ਹੀ ਨਾ ਚਲਿਆ ਤੇ ਹੁਣ ਟਾਈਮ ਸੀ ਗੁਰਤੂ ਜੀ ਨਾਲ ਪਿੰਕੀ ਦੀ ਅਤੇ ਬਲਵੰਤ ਸਿੰਘ ਦੀ ਜੁਗਲਬੰਦੀ ਦਾ। ਐਸੀ ਜੁਗਲਬੰਦੀ ਹੋਈ ਕਿ ਹਾਲ ਤਾੜੀਆਂ ਨਾਲ ਗੂੰਜ ਉਠਿਆ।

ਅਖੀਰ ਰਾਗੀ ਬਲਵੰਤ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਉਡੀਕ ਵਿਚ ਇਕ ਗੀਤ 'ਰਾਈਆਂ ਦੇ ਟਿੱਬਿਆਂ ਚੋਂ ਇਕ ਸੂਰਜ ਚੜ੍ਹਿਆ ਏ' ਸੁਣਾ ਸੰਗਤ ਨੂੰ ਵੈਰਾਗਮਈ ਅਵਸਥਾ ਵਿਚ ਲੈ ਆਂਦਾ। ਸ੍ਰੀ ਸਤਿਗੁਰੂ ਜੀ ਨੇ ਆਏ ਹੋਏ ਕਲਾਕਾਰਾਂ ਦਾ ਸਨਮਾਨ ਕੀਤਾ ਅਤੇ ਸਮਾਗਮ ਦੀ ਸਮਾਪਤੀ ਹੋਈ।

**-ਬਲਬੀਰ ਸਿੰਘ**

SATJUG
ESTABLISHED IN 1920

# 200th Parkash Purab of Sri Satguru Ram Singh Ji celebrated in Southall (UK)



**(l to r) Jagdish Kaur, Prabjot Kaur and Sarabjit Singh perform shabads on Basant Panchmi**

To mark the 200th incarnation day of Sri Satguru Ram Singh Ji, Namdhari Sikh Sangat Southall held events on 12th and 13th February 2016.

The morning of Basant Panchmi began with the the Naam Simran. Asa di Vaar was sung by Raagi Satvinder Singh Bhogal accompanied by Sant Kulwant Singh and Sant Narinderpal Singh on the Tabla while Gushmir Singh and Gurtejpal Singh assisted with vocals and recital of verses. To round off the morning session, one Paath da Bhog of Sri Adi Granth Sahib for darshan of Satguru Ram Singh Ji was performed.

Sharing the message of Satguru Ram Singh Ji's reforms on the morning talk-show on Radio Lyca Dilse, Sant Sulakhan Singh, President Namdhari Sangat , UK and Southall's General Secretary, Ajeet Singh were in conversation with Ravi Sharma. Two other similar radio presentations were shared by Gurdev Singh Virdee on the Midlands Radio XL and the third was in Leicester by Bibi Amarjit Kaur Flora.

Later in the evening the Sadh Sangat assembled again. During the Naam Simran, Sant Kirpal Singh Chana shared a special collection of songs, poems and disclosures about Satguru Ram Singh Ji. A special art composition was on display. The art-work graphically portrayed Satguru Ram Singh's main reform programs and the sacrifice of Namdhari Sikhs.

After the concluding ardas of Naam Simran, Raagi Satvinder Singh supported by Hakam Singh recited the bani of Satguru Guru Arjan Dev Ji : ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ।।(Gur Kaa Dharasan Dekh Dekh Jeevaa.)

Thereafter, Bibi Harbhajan Kaur presented a poem. Sant Kehar Singh Matharu (Canada) launched the English edition of his book - 'The Revolutionary (Guru) Ram Singh Ji Namdhari'. On this special occasion Southall Sangat's website www.kukasikhs.com posted a 4 minute video titled 'Satguru Ram Singh - A Brief Time Line' on its Facebook Page.

The next day, 13 February 2015, the celebrations continued during the regular Saturday gathering of Sangat.

Kaka Arjan Tara Singh Saggu sang the popular song 'Khalsa di reet mite jandee, rakhi Guru Ram Singh ne'. Suba Kuldip Singh read sakhi about birth of Satguru Ram Singh Ji from Satguru Bilas Volume 1 (by Santokh Singh Bahowal). Shabad kirtan was performed by Bibi Parbhjot Kaur and Bibi Jagdish Kaur, accompanied on Tabla by Sarabjit Singh. Together they sang the shabads of Guru Arjan Dev's bani, including

ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ।। (Sun Yaar Hamaarae Sajan Eik Karo Baenantea.)



**(l-r) Kulwant Singh, Gushmir Singh, Raagi Satvinder Singh, Gurtejpal Singh and Narinderpal Singh perform Asa di vaar.**

The significant contribution of the bicentenary celebrations of Sri Satguru Ram Singh was an assessment of the twelfth Guru's legacy and in particular of his visionary doctrines that changed the face of Sikhism and shook the very foundations of British Imperial rule in India in the late 19th Century. The core of Satguru Ram Singh's mission was to re-ignite the Sikh Marayada and Dharam (religious foundations and beliefs). This mission manifested through the preaching of Social and Political ideas.

Secretary Ajeet Singh spoke about the effect that Satguru Ram Singh Ji's teachings and their relevance today, in particular the blessings Satguru Ram Singh Ji showered on women. Sant Baldeep Singh Chana made his contribution with two devotional poems on the pious darshan of Satguru Ram Singh Ji

The following day (Sunday 14th February), a large congregation of Southall sadh sangat travelled to Birmingham, where the Namdhari Sangat UK celebrated the occasion at grand scale.

Event Videos and audio posted on our Facebook page- http://facebook.com/nss.southall and website at www.kukasikhs.com

**Satpal Singh Bhuller**


## MATRIMONIALS

**Suitable match required for Namdhari boy, 27, 6 feet, Graduate, working in Punjab Police.**
**Contact: 09877150005 Post Box: 1004**

❖❖❖

**Alliance invited for Namdhari boy, 27, 5 feet 10 inches, B.Pharmacy, working as Area Manager in Mohali.**
**Contact: 09877150005 Post Box: 1005**

**SATJUG**
**Namdhari Gurdwara Ramesh Nagar, New Delhi-15**
**e-mail : satjugweekly@gmail.com**



**FORM IV (SEE RULE B)**

| | | |
|---|---|---|
| 1. | Place of Publication | : New Delhi |
| 2. | Periodicity of Publication | : Weekly |
| 3. | Printer's Name | : Harvendra Singh Hanspal |
| | Whether citizen of India? | : Yes |
| | If foreigner, state the Country of origion | : Does not apply |
| | Address | : K-17 Rajouri Garden New Delhi |
| 4. | Publisher's Name | : Harvendra Singh Hanspal |
| | Whether citizen of India? | : Yes |
| | If foreigner, state the Country of origion | : Does not apply |
| | Address | : K-17 Rajouri Garden, New Delhi |
| 5. | Editor's Name | : Harvendra Singh Hanspal |
| | Whether citizen of India? | : Yes |
| | If foreigner, state the Country of origion | : Does not apply |
| | Address | : K-17 Rajouri Garden, New Delhi |
| 6. | Name and Addresses Of individuals who own the Newspaper and patners and shareholders more than one percent of the total capital | : Owner Harvendra Singh Hanspal K-17 Rajouri Garden New Delhi |

I, Harvendra Singh Hanspal, hereby declare that the particulars given above are true to the best of my knowledge and belief.

Sd/-
H. S. Hanspal
Date: 16-03-2016 Signature of Publisher, Editor

# 200ਵੀਂ ਪ੍ਰਕਾਸ਼ ਵਰ੍ਹੇ ਗੰਢ ... (ਬਾਕੀ ਸਫਾ 2 ਦੀ)

**ਕਮੇਟੀ)** ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਮਾਜ ਨੂੰ ਦਿੱਤੀ ਗਈ ਸੇਧ ਦੀ ਗਲ ਕੀਤੀ।

**ਵਿਗਿਆਨ ਅਤੇ ਟੈਕਨਾਲਜੀ ਦੇ ਕੇਂਦਰੀ ਮੰਤਰੀ ਡਾ. ਹਰਸ਼ਵਰਧਨ** ਨੇ ਆਣ ਕੇ ਸਤਿਗੁਰੂ ਜੀ ਦੇ ਚਰਨ ਪਰਸੇ ਅਤੇ ਸਤਿਗੁਰੂ ਜੀ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦੇ ਦਿਆਂ ਘਰ ਚਰਨ ਪਾਉਣ ਦੀ ਅਰਜ਼ ਕੀਤੀ।

ਬੁਲਾਰਿਆਂ ਤੋਂ ਬਾਅਦ ਹਜ਼ੂਰੀ ਰਾਗੀ ਜਥੇ ਉਸਤਾਦ ਹਰਭਜਨ ਸਿੰਘ, ਬਲਵੰਤ ਸਿੰਘ, ਹਰ੍ਪੀਤ ਸਿੰਘ ਸੋਨੂੰ ਆਦਿ ਨੇ ਕੀਰਤਨ ਕੀਤਾ। ਸ. ਹਰਵਿੰਦਰ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ ਦੀ ਅਗਵਾਈ ਹੇਠ ਮੰਗਲਜੀਤ ਸਿੰਘ, ਹਰਪਾਲ ਸਿੰਘ ਦੋਵੇਂ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਅਤੇ ਅਜੇਪਾਲ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜਥਾ ਰਮੇਸ਼ ਨਗਰ ਆਦਿ ਨੇ ਸਹਿਯੋਗ ਦਿਤਾ। 200 ਤੋਂ ਵੱਧ ਨੌਜਵਾਨਾਂ ਨੇ ਮਾਨਯੋਗ ਹੰਸਪਾਲ ਜੀ, ਪ੍ਰਧਾਨ ਸਾਧਾ ਸਿੰਘ, ਪ੍ਰਧਾਨ ਵਸਣ ਸਿੰਘ, ਪ੍ਰਧਾਨ ਹਜਾਰਾ ਸਿੰਘ, ਸੂਬਾ ਸੁਖਦੇਵ ਸਿੰਘ, ਸੂਬਾ ਅਰਵਿੰਦ ਸਿੰਘ, ਸੂਬਾ ਜਗਤਾਰ ਸਿੰਘ, ਭਟੀ, ਰਣਜੀਤ ਸਿੰਘ, ਮਖਣ ਸਿੰਘ, ਜੋਗਿੰਦਰ ਸਿੰਘ ਦੀ ਅਗਵਾਈ ਹੇਠ ਕਤਾਰਬੱਧ ਹੋ ਕੇ ਸਭ ਨੇ ਹੱਥੀਂ ਥਾਲੀਆਂ 'ਚ ਮਾਇਆ ਰਸਤ ਭੇਟ ਕਰ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਲੰਗਰ ਦੀ ਸੇਵਾ ਪ੍ਰਧਾਨ ਸਾਧਾ ਸਿੰਘ ਦੀ ਦੇਖ ਰੇਖ ਵਿਚ ਨਾਮਧਾਰੀ ਵਿਦਿਅਕ ਜਥੇ ਦੇ ਨੌਜਵਾਨਾਂ ਨੇ ਬਾਖੂਬੀ ਨਿਭਾਈ। **–ਹਰਪਾਲ ਸਿੰਘ**




ਸ. ਮਨਜੀਤ ਸਿੰਘ ਜੀ. ਕੇ. (ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ) ਮੇਲੇ ਸਮੇਂ ਆਪਣੇ ਵਿਚਾਰ ਸਾਂਝੇ ਕਰਦੇ ਹੋਏ।




ਸ੍ਰੀ ਸਤਿਗੁਰੂ ਉਦੈ ਸਿੰਘ ਜੀ ਗਿਆਨੀ ਹੇਮ ਸਿੰਘ ਸਾਬਕਾ ਹੈਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ ਨੂੰ ਸਨਮਾਨਿਤ ਕਰਦੇ ਹੋਏ।



ਜਥੇਦਾਰ ਅਵਤਾਰ ਸਿੰਘ ਹਿਤ ਲੀਡਰ ਅਕਾਲੀ ਦਲ ਸਾਧ ਸੰਗਤ ਦੇ ਰੂ-ਬਰੂ ਹੁੰਦੇ ਹੋਏ।



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸਾਬਕਾ ਐਮ. ਐਲ. ਏ. ਸ਼੍ਰੀ ਸੁਭਾਸ਼ ਸਚਦੇਵਾ ਨੂੰ ਖੁਸ਼ੀਆਂ ਬਖਸ਼ਦੇ ਹੋਏ।



ਸ੍ਰੀ ਸਿਵ ਚਰਨ ਗੋਇਲ ਐਮ. ਐਲ. ਏ ਮੋਤੀ ਨਗਰ ਵਿਧਾਨ ਸਭਾ ਦਿੱਲੀ ਨੂੰ ਸਨਮਾਨਿਤ ਕਰਦੇ ਸ. ਹਰਵਿੰਦਰ ਸਿੰਘ ਹੰਸਪਾਲ।



ਸ. ਚਰਨਜੀਤ ਸਿੰਘ ਮੁਖੀ ਰਾਸ਼ਟਰੀਯ ਸਿੱਖ ਸੰਗਤ ਦਾ ਸਨਮਾਨ ਕਰਦੇ ਸ. ਹਰਵਿੰਦਰ ਸਿੰਘ ਹੰਸਪਾਲ, ਪ੍ਰਧਾਨ ਨਾਮਧਾਰੀ ਦਰਬਾਰ।



ਡਾ. ਮਹਿੰਦਰ ਸਿੰਘ ਡਾਇਰੈਕਟਰ ਭਾਈ ਵੀਰ ਸਿੰਘ ਸਦਨ ਦਾ ਮਾਣ ਸਨਮਾਨ ਕਰਦੇ ਸ. ਹਰਵਿੰਦਰ ਸਿੰਘ ਹੰਸਪਾਲ






ਦਿੱਲੀ ਵਿਖੇ ਮਨਾਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਮੇਲੇ ਸਮੇਂ ਹਾਜ਼ਰ ਸਾਧ ਸੰਗਤ।

# ਜਥੇਦਾਰ ਸੇਵਾ ਸਿੰਘ ਜੀ ਨੇ ਮਰਣਾ ਪ੍ਰੇਮ ਅਤੇ ਚਾਅ ਨਾਲ ਪ੍ਰਵਾਨ ਕੀਤਾ -ਸਤਿਗੁਰੂ ਉਦੈ ਸਿੰਘ ਜੀ

**ਨਵੀਂ ਦਿੱਲੀ-** "........ਇਕ ਛੋਟੀ ਜਿਹੀ ਗੱਲ ਜਿਹੜੀ ਮੇਰੇ ਮਨ ਨੂੰ ਲਗੀ ਉਹ ਜੱਥੇਦਾਰ ਜੀ ਦੀ ਬਹੁਤ ਵੱਡੀ ਪ੍ਰਾਪਤੀ ਸੀ.....ਜੱਥੇਦਾਰ ਜੀ ਨੇ ਮਰਨ ਨੂੰ ਕਿੰਨੇ ਪ੍ਰੇਮ ਨਾਲ ਤੇ ਕਿੰਨੇ ਚਾਅ ਨਾਲ ਪ੍ਰਵਾਨ ਕੀਤਾ। ਆਪਾਂ ਸਾਰੇ ਸੋਚ ਲਈਏ ਕਿ ਸਾਨੂੰ ਮਰਨ ਤੋਂ ਕਿੰਨਾ ਡਰ ਲਗਦਾ ਹੈ ਪਰ ਉਨ੍ਹਾਂ ਬੜੇ ਪਿਆਰ ਨਾਲ ਇਸ ਸਬੰਧੀ ਚਿੱਠੀ ਵਿਚ ਲਿਖ ਦਿੱਤਾ। ਉਹਨਾਂ ਉਹ ਅਵਸਥਾ ਪ੍ਰਾਪਤ ਕਰ ਲਈ ਜਿਹੜੀ ਕਰੋੜਾਂ ਚੋਂ ਕਿਸੇ ਇਕ ਨੂੰ ਪ੍ਰਾਪਤ ਹੁੰਦੀ ਹੈ। ਸਤਿਗੁਰੂ ਜੀ ਦੀ ਕ੍ਰਿਪਾ ਅਤੇ ਨਾਮ-ਪ੍ਰਾਪਤੀ ਨਾਲ ਮਰਨ ਦਾ ਡਰ ਮੁੱਕ ਜਾਂਦਾ ਹੈ।..... ਸਾਡੇ 'ਤੇ ਅਜਿਹੀ ਕ੍ਰਿਪਾ ਹੋਵੇ, ਸਾਨੂੰ ਵੀ ਮਰਨ ਤੋਂ ਡਰ ਨਾ ਲੱਗੇ.....।" ਇਹ ਪ੍ਰਵਚਨ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਨੇ 10 ਫਰਵਰੀ 2016 ਨੂੰ ਸਰਸਵਤੀ ਗਾਰਡਨ, ਨਵੀਂ ਦਿੱਲੀ ਵਿਖੇ ਨਾਮਧਾਰੀ ਪੰਥ ਦੇ ਉਚ ਕੋਟੀ ਦੇ ਪ੍ਰਚਾਰਕ ਜੱਥੇਦਾਰ ਸੇਵਾ ਸਿੰਘ ਜੀ ਦੇ ਭੋਗ ਸਮਾਗਮ 'ਤੇ ਉਚਾਰੇ। ਜੱਥੇਦਾਰ ਜੀ ਦੀ ਜਿਸ ਚਿੱਠੀ ਦਾ ਜ਼ਿਕਰ ਸਤਿਗੁਰੂ ਜੀ ਨੇ ਕੀਤਾ ਉਸ ਦੀਆਂ ਕੁਝ ਸਤਰਾਂ ਇਸ ਪ੍ਰਕਾਰ ਹਨ :

*"ਆਏ ਥੇ ਹਮ ਸੈਰ ਕੋ ਸੈਰ-ਏ-ਗੁਲਸ਼ਨ ਕਰ ਚਲੇ।*
*ਸੰਭਾਲ ਮਾਲੀ ਬਾਗ ਆਪਣਾ, ਹਮ ਤੋ ਆਪਣੇ ਘਰ ਚਲੇ।"*

ਸਤਿਗੁਰੂ ਜੀ ਨੇ ਦੱਸਿਆ ਕਿ ਜੱਥੇਦਾਰ ਜੀ ਨੂੰ ਸਿੱਖੀ ਦੇ ਪ੍ਰਚਾਰ ਦੇ ਅਜਿਹੇ ਮੌਕੇ ਪ੍ਰਾਪਤ ਹੋਏ ਜਿਹੜੇ ਮੌਕੇ ਕਿਸੇ ਕਿਸੇ ਨੂੰ ਹੀ ਪ੍ਰਾਪਤ ਹੁੰਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਡਤ ਗੋਪਾਲ ਸਿੰਘ ਜੀ ਦੇ ਹੁੰਦਿਆਂ ਵੀ ਅਤੇ ਬਾਅਦ ਵਿਚ ਵੀ ਜਥੇਦਾਰ ਜੀ ਨੂੰ ਉਹੀ ਪਿਆਰ ਦਿੱਤਾ। ਸਤਿਗੁਰੂ ਜਗਜੀਤ ਸਿੰਘ ਜੀ ਨਾਲ ਤਨਜਾਨੀਆ ਦੌਰੇ ਦਾ ਹਵਾਲਾ ਦੇਦਿਆਂ ਸਤਿਗੁਰੂ ਜੀ ਨੇ ਜਥੇਦਾਰ ਜੀ ਦੀ ਬੋਲਣ-ਕਲਾ ਸਬੰਧੀ ਦੱਸਿਆ ਕਿ ਜਥੇਦਾਰ ਜੀ ਜਦੋਂ ਵੀ ਬੋਲਣਾ ਪਹਿਲਾਂ ਤਿਆਰੀ ਕਰਕੇ ਬੋਲਣਾ।.......



ਜਥੇਦਾਰ ਜੀ ਨੇ ਸਾਧ ਸੰਗਤ ਦੇ ਜਨ-ਜਨ ਤੱਕ ਮੇਲ-ਮਿਲਾਪ ਅਤੇ ਛੋਟੇ-ਵੱਡੇ ਤੱਕ ਪਿਆਰ-ਸਤਿਕਾਰ ਦੀ ਪਹੁੰਚ ਹਮੇਸ਼ਾਂ ਬਣਾਈ ਰੱਖੀ। ਇਹ ਗੱਲ ਓਦੋਂ ਪ੍ਰਤੱਖ ਹੋ ਨਿਬੜੀ ਜਦੋਂ ਜਥੇਦਾਰ ਜੀ ਦੀ ਅੰਤਮ ਯਾਤਰਾ, ਭੋਗ ਅਤੇ ਸ਼ਰਧਾਂਜਲੀ ਸਮਾਗਮ ਸਮੇਂ ਦਿੱਲੀ ਤੋਂ ਇਲਾਵਾ ਦੇਸ-ਵਿਦੇਸ ਤੋਂ ਪੁੱਜਾ ਭਾਰੀ ਇਕੱਠ ਠਾਠਾਂ ਮਾਰ ਰਿਹਾ ਸੀ। ਨਾਮਧਾਰੀ ਪੰਥ ਦੀਆਂ ਉਘੀਆਂ ਸ਼ਖ਼ਸੀਅਤਾਂ ਵਿਚ ਮਾਸਟਰ ਦਰਸ਼ਨ ਸਿੰਘ ਜੀ, ਜਥੇਦਾਰ ਨਿਸ਼ਾਨ ਸਿੰਘ ਜੀ ਕਥਾ ਵਾਚਕ, ਸੂਬਾ ਬਲਵਿੰਦਰ ਸਿੰਘ ਜੀ ਸ੍ਰੀ ਭੈਣੀ ਸਾਹਿਬ, ਸੂਬਾ ਹਰਭਜਨ ਸਿੰਘ ਜੀ ਲੁਧਿਆਣਾ, ਸੰਤ ਰਛਪਾਲ ਸਿੰਘ (ਹਜ਼ੂਰੀ ਸੇਵਕ), ਨਾਮਧਾਰੀ ਦਰਬਾਰ ਦੇ ਪ੍ਰਧਾਨ ਐਚ.ਐਸ. ਹੰਸਪਾਲ, ਸੰਤ ਕੁਲਵੰਤ ਸਿੰਘ ਰੂਪਰਾ (ਨੈਰੋਬੀ), ਸੂਬਾ ਰੇਸ਼ਮ ਸਿੰਘ (ਕਨੇਡਾ), ਸ੍ਰੀ ਤਰਸੇਮ ਚੰਦ ਅਗਰਵਾਲ (ਅਰੂਸ਼ਾ ਤਨਜਾਨੀਆ), ਸ੍ਰੀ ਜਗਜੀਤ ਅਗਰਵਾਲ (ਅਰੂਸ਼ਾ ਤਨਜਾਨੀਆ) ਤੋਂ ਇਲਾਵਾ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਪ੍ਰਧਾਨ ਸੰਤ ਗੁਰਮੁਖ ਸਿੰਘ ਜੀ ਰਹਿਬਰ, ਨਾਮਧਾਰੀ ਵਿਦਿਅਕ ਜਥਾ ਦਿੱਲੀ ਯੂਨਿਟ ਦੇ ਸਮੂਹ ਕਾਰਜ ਕਰਤਾ, ਗਿਆਨੀ ਜੁਗਿੰਦਰ ਸਿੰਘ ਲੁਧਿਆਣਾ, ਪ੍ਰੋ. ਤਾਰਾ ਸਿੰਘ ਅਨਜਾਣ, ਕਈ ਇਕ ਇਲਾਕਿਆਂ ਦੇ ਸੂਬੇ ਸਾਹਿਬਾਨ, ਵੱਖ ਵੱਖ ਸਭਾ ਸੁਸਾਇਟੀਆਂ, ਰਾਜਨੀਤਕ ਲੀਡਰਾਂ ਅਤੇ ਧਾਰਮਕ ਅਦਾਰਿਆਂ ਦੇ ਪ੍ਰਤੀਸ਼ਠਤ ਵਿਅਕਤੀ ਅਤੇ ਪਤਵੰਤੇ ਜਨ ਵਰਣਨਯੋਗ ਹਨ। ਜਥੇਦਾਰ ਜੀ ਦਾ ਦੇਹ-ਬਿਬਾਨ ਫੁੱਲਾਂ ਦੀ ਚੰਗੇਰ ਹੀ ਲੱਗ ਰਿਹਾ ਸੀ। ਅੰਤਮ ਯਾਤਰਾ ਇਕ ਤਰ੍ਹਾਂ ਨਾਲ ਸ਼ੋਭਾ ਯਾਤਰਾ ਦਾ ਰੂਪ ਧਾਰ ਗਈ ਸੀ। ਢੋਲਕੀ ਛੈਣਿਆਂ ਅਤੇ ਖੜਤਾਲਾਂ ਨਾਲ ਜਥੇਦਾਰਾਂ ਵੱਲੋਂ ਉਚੀ ਸੁਰ ਵਿਚ ਸ਼ਬਦ ਗਾਇਣ ਕਰਦਿਆਂ, ਹੌਲੀ ਹੌਲੀ ਸ਼ਮਸ਼ਾਨ ਭੂਮੀ ਵੱਲ ਵਧਦੇ ਜਾਣਾ, ਆਮ ਜਨ ਵਾਸਤੇ ਹੈਰਾਨੀ ਜਨਕ ਸੀ ਅਤੇ ਹਰ ਦਰਸ਼ਕ ਦਾ ਸਿਰ ਬਦੋਬਦੀ ਸ਼ਰਧਾ ਨਾਲ ਝੁਕ ਜਾਂਦਾ ਸੀ।

ਭੋਗ ਸਮਾਗਮ ਦਾ ਸਾਰਾ ਕਾਰਜਕ੍ਰਮ ਜਥੇਦਾਰ ਜੀ ਦੀਆਂ ਲਿਖਤੀ ਹਦਾਇਤਾਂ ਮੁਤਾਬਕ ਹੀ ਕੀਤਾ ਗਿਆ। ਸ੍ਰੀ ਭੈਣੀ ਸਾਹਿਬ ਤੋਂ ਉਚੇਚੇ ਪੁੱਜੇ ਵਿਦਵਾਨ ਕਥਾ ਵਾਚਕ ਸੰਤ ਨਿਸ਼ਾਨ ਸਿੰਘ ਜੀ ਨੇ ਜਿਥੇ ਜਨਮ-ਮਰਣ ਦੀ ਫਿਲਾਸਫੀ ਨੂੰ ਬੜੀ ਬਰੀਕੀ ਨਾਲ ਸੰਗਤ ਸਾਹਮਣੇ ਰੱਖਿਆ ਉਥੇ ਜਥੇਦਾਰ ਜੀ ਵੱਲੋਂ ਆਪਣੀ ਅੰਤਮ ਚਿੱਠੀ ਵਿਚ ਲਿਖੀਆਂ ਸਤਰਾਂ ਦਾ ਅਰਥ ਵੀ ਬਾਖੂਬੀ ਸਮਝਾਇਆ। ਉਨ੍ਹਾਂ ਦੱਸਿਆ ਕਿ ਜਥੇਦਾਰ ਜੀ ਮਹਾਨ ਵਿਦਵਾਨ, ਆਪਣੇ ਸਤਿਗੁਰ ਪ੍ਰਤੀ ਸੰਪੂਰਨ ਸਮਰਪਤ ਗੁਰਸਿੱਖ ਸਨ ਅਤੇ ਪ੍ਰਚਾਰ ਦੇ ਕੰਮ ਨੂੰ ਵੀ ਉਨ੍ਹਾਂ ਪੂਰੇ ਸ਼ੌਕ ਨਾਲ ਕੀਤਾ। ਸਤਿਗੁਰੂ ਸਭਨਾਂ 'ਤੇ ਬਖ਼ਸ਼ਿਸ਼ ਰੱਖਣ ਜੋ ਬਬਾਣੀਆਂ ਕਹਾਣੀਆਂ ਸਾਡੇ ਹਿਰਦੇ 'ਚ ਵੱਸ ਸਕਣ।" ਉਪਰੰਤ ਤੰਤੀ ਸਾਜ਼ਾਂ ਨਾਲ ਗੁਰਮਤ ਸੰਗੀਤ ਗਾਇਣ ਕਰਕੇ ਸੰਗਤ ਨੂੰ ਧਿਆਨ ਮਗਨ ਕਰਨ ਵਾਲੇ ਕਲਾਕਾਰ ਸਨ : ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਜੀ ਘੁੱਲਾ, ਗੁਰਲਾਲ ਸਿੰਘ, ਗੁਰਪ੍ਰੀਤ ਸਿੰਘ ਅਤੇ ਅਜੈਪਾਲ ਸਿੰਘ। ਖੋਜੀ ਲੇਖਕ ਅਤੇ ਪ੍ਰਭਾਵਸ਼ਾਲੀ ਵਕਤਾ ਕਾਮਰੇਡ ਸੁਵਰਨ ਸਿੰਘ ਵਿਰਕ ਹੁਰਾਂ ਆਪਣੇ ਸ਼ਰਧਾਂਜਲੀ ਸ਼ਬਦਾਂ ਵਿਚ ਜਥੇਦਾਰ ਜੀ ਨੂੰ ਸਫਲ ਜੀਵਨ ਜੀਅ ਕੇ ਜਾਣ ਵਾਲਾ ਯੋਧਾ ਅਤੇ ਵੱਡਾ ਨਾਇਕ ਦੀ ਸੰਗਿਆ ਦੇਂਦਿਆਂ ਕਿਹਾ ਕਿ ਜੇ ਕੋਈ ਸਫਲ ਜੀਵਨ ਜੀਅ ਕੇ ਜਾਂਦਾ ਹੈ ਤਾਂ ਉਹ ਆਪਣੀ ਸਦਕੀਰਤੀ ਦੀ ਬੜੀ ਸ਼ਾਨਦਾਰ ਖੁਸ਼ਬੂ ਛੱਡ ਜਾਂਦਾ ਹੈ। ਮਾਨਯੋਗ ਜਥੇਦਾਰ ਜੀ ਦਾ ਹੱਥ ਕਾਰ ਵੱਲ ਅਤੇ ਚਿੱਤ ਯਾਰ ਵੱਲ ਭਾਵ ਆਪਣੇ ਸਤਿਗੁਰ ਵੱਲ ਰਿਹਾ। ਉਨ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਗੁਰੂ ਦੀ ਸਿੱਖੀ ਦਾ ਡੰਕਾ ਵਜਾਇਆ। ਹੱਲੇ ਦੇ ਦੀਵਾਨ ਦੀ ਪਰੰਪਰਾ 'ਚ ਹੋਰ ਵਾਧਾ ਕੀਤਾ। ਜਥੇਦਾਰ ਜੀ ਦੀ ਵਿਦਵਤਾ 'ਤੇ ਚਾਨਣਾ ਪਾਇਆ ਕਿ ਸ੍ਰੀ ਆਦਿ ਗ੍ਰੰਥ, ਕੁਰਾਨ, ਮਹਾਂਭਾਰਤ, ਰਮਾਇਣ ਅਤੇ ਹੋਰ ਹਿੰਦੂ ਧਰਮ ਗ੍ਰੰਥਾਂ ਵਿਚ ਉਨ੍ਹਾਂ ਦਾ ਅਧਿਐਨ ਵਿਸ਼ਾਲ ਸੀ। ਉਨ੍ਹਾਂ ਨੂੰ ਸਤਿਗੁਰੂ ਜੀ ਦੇ ਕਰ-ਕਮਲਾਂ ਤੋਂ ਮਹਾਨ ਕੋਸ਼ ਦੀ ਬਖਸ਼ਿਸ਼ ਵੀ ਹੋਈ।" ਨਾਮਧਾਰੀ ਵਿਦਿਅਕ ਜਥੇ ਦੇ ਪ੍ਰਧਾਨ ਰਹੇ ਜਸਬੀਰ ਸਿੰਘ ਹੁਰਾਂ ਜਥੇਦਾਰ ਜੀ ਨੂੰ ਦਿੱਲੀ ਦੀ ਸੰਗਤ ਦਾ ਮਾਣ ਦੱਸਦਿਆਂ ਕਿਹਾ ਕਿ ਉਹ ਗਿਆਨ ਦੇ ਮਾਰਤੰਡ ਸਨ। ਉਨ੍ਹਾਂ ਸਾਨੂੰ ਕਈ ਜਥੇਦਾਰ ਬਖਸ਼ੇ ਹਨ। ਦਿੱਲੀ ਵਿਚ ਉਹ ਸਾਡੇ ਅਧਿਆਤਮਕ ਰਾਹਨੁਮਾ ਸਨ।" ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਹੁਰਾਂ ਜਥੇਦਾਰ ਜੀ ਦਾ ਪਿਛੋਕੜ ਦੱਸਦਿਆਂ ਕਿਹਾ ਕਿ ਉਹ ਸੋਧੀ ਮਾਤਾ-ਪਿਤਾ ਦੀ ਸੰਤਾਨ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਜਥੇਦਾਰ ਜੀ ਨੇ ਵਰਦਾਨ ਪ੍ਰਾਪਤ ਕੀਤਾ, ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ ਅਤੇ ਵਰਤਮਾਨ ਸਤਿਗੁਰੂ ਜੀ ਦੀਆਂ ਖੁਸ਼ੀਆਂ ਮਾਣ ਕੇ ਗਏ ਹਨ। ਉਨ੍ਹਾਂ ਖਾਲੀ ਹੱਥੀ ਆ ਕੇ ਆਪਣੀ ਘਾਲਣਾ ਨਾਲ ਇਕ ਬੰਨ੍ਹੇ ਸਫਲ ਗ੍ਰਿਹਸਥੀ ਜੀਵਨ ਨਿਭਾਇਆ ਦੂਸਰੇ ਪਾਸੇ ਜੀਵਨ ਦਾ ਮਨੋਰਥ ਸਤਿਗੁਰਾਂ ਦੀ ਸਿਫ਼ਤ-ਸਲਾਹ ਵੱਲ ਰੱਖਿਆ ਹੋਇਆ ਸੀ। ਉਨ੍ਹਾਂ ਦੇ ਵਖਿਆਨ 'ਚ ਇਕ ਇਕ ਸ਼ਬਦ ਅਤੇ ਇਕ ਇਕ ਵਾਕ ਨਪਿਆ ਤੁਲਿਆ ਹੁੰਦਾ ਸੀ। ਉਹ ਦੀਵਾਨ ਇਵੇਂ ਸਜਾਂਦੇ ਜਿਵੇ ਜਪੁਜੀ ਸਾਹਿਬ ਜਬਾਨੀ ਯਾਦ ਹੋਵੇ। ਸਤਿਗੁਰੂ ਜੀ ਨਾਲ ਦੌਰ 'ਤੇ ਜੇ ਦੋ ਮਹੀਨੇ ਵੀ ਰਹੇ ਤਾਂ ਰੋਜ਼ਾਨਾ ਨਵਾਂ ਵਿਸ਼ਾ ਸੁਣਾ ਰਹੇ ਹੁੰਦੇ। ਪ੍ਰਸੰਗ 'ਚ ਅਕੱਟ ਪ੍ਰਮਾਣ ਦਿੰਦੇ ਸਨ। ਜਥੇਦਾਰ ਜੀ ਦੇ ਜੀਵਨ 'ਚੋਂ ਬਹੁਤ ਸਾਰੀਆਂ ਗੱਲਾਂ ਨੇ ਜਿਹੜੀਆਂ ਪ੍ਰੇਰਨਾ ਲੈਣ ਵਾਲੀਆਂ ਨੇ। ਹਰਪਾਲ ਜੀ ਨੇ ਕਿਹਾ ਕਿ ਉਨ੍ਹਾਂ ਦੇ ਸ਼ਗਿਰਦ ਅਤੇ ਬਹੁਤ ਸਾਰੇ ਪ੍ਰਚਾਰਕਾਂ ਨੂੰ ਬੜੇ ਜਤਨ ਕਰਨੇ ਪੈਣਗੇ ਜੋ ਜਥੇਦਾਰ ਜੀ ਦੀ ਘਾਟ ਪੂਰੀ ਕਰਨ ਵਿਚ ਹਿੱਸਾ ਪਾ ਸਕਣ।" ਨੌਜਵਾਨ ਜਥੇਦਾਰ ਸੰਤ ਨਿਸ਼ਾਨ ਸਿੰਘ ਜੀ ਨੇ ਇਸ ਗੱਲ ਦਾ ਮਾਣ ਮਹਿਸੂਸ ਕੀਤਾ ਕਿ ਉਹ ਜਥੇਦਾਰ ਜੀ ਦੇ ਸ਼ਗਿਰਦ ਹਨ। ਉਨ੍ਹਾਂ ਕਿਹਾ ਕਿ ਉਸ ਦੇ ਸਿਰ 'ਤੇ ਦੋ ਹੱਥਾਂ ਦਾ ਅਸ਼ੀਰਵਾਦ ਹੈ। ਵਰਤਮਾਨ ਸਤਿਗੁਰੂ ਜੀ ਦਾ ਅਤੇ ਅਦ੍ਰਿਸ਼ ਹੱਥ ਜਥੇਦਾਰ ਸੇਵਾ ਸਿੰਘ ਜੀ ਦਾ।"

ਨਿਸ਼ਾਨ ਸਿੰਘ ਨੇ ਵਰਤਮਾਨ ਸਤਿਗੁਰੂ ਜੀ ਪਾਸੋਂ ਜਥੇਦਾਰ ਜੀ ਵੱਲੋਂ ਮੰਗੀ ਮੰਗ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਜਥੇਦਾਰ ਜੀ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਸੀ, "ਸੱਚੇ ਪਾਤਸ਼ਾਹ ਜੇ ਮ/ ਕਦੇ ਇਸ ਮਾਤਲੋਕ 'ਤੇ ਆਵਾਂ ਤਾਂ ਨਾਮਧਾਰੀ ਘਰ ਵਿਚ ਹੀ ਆਵਾਂ। ਦੂਸਰਾ ਜਿਵੇਂ ਅਸੀਂ ਆਪਣੀ ਅਰਦਾਸ ਵਿਚ ਮੰਗ ਕਰਦੇ ਹਾਂ ਕਿ 'ਜੁਗਾਂ ਪ੍ਰਯੰਤ ਆਪ ਜੀ ਦਾ ਹਰਿ-ਜੱਸ ਗਾਇਣ ਕਰਦੇ ਰਹੀਏ' ਮੁਤਾਬਕ ਮ/ ਏਸੇ ਰੂਪ ਵਿਚ ਆਵਾਂ ਅਤੇ ਕਥਾ-ਕੀਰਤਨ ਕਰਦਾ ਰਹਾਂ।"

ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਨਾਮਧਾਰੀ ਪੰਥ ਦੇ ਸ਼੍ਰੋਮਣੀ ਜਥੇਦਾਰ ਵਜੋਂ ਮਾਣਤਾ ਪ੍ਰਾਪਤ ਵਿਦਵਾਨ ਸ਼ਖ਼ਸੀਅਤ ਬ੍ਰਹਮ ਗਿਆਨੀ ਪੁਰਸ਼ ਜਥੇਦਾਰ ਸੇਵਾ ਸਿੰਘ ਦਿੱਲੀ ਨਿਵਾਸੀ 1 ਫਰਵਰੀ 2016 ਦੀ ਸਵੇਰ ਨੂੰ ਆਪਣੀ ਜ਼ਿੰਦਗੀ ਦੇ 88 ਬਸੰਤ ਪੂਰੇ ਕਰਕੇ ਬ੍ਰਹਮ ਲੋਕ ਪਿਆਨਾ ਕਰ ਗਏ ਸਨ। ਆਪ ਭਾਵੇਂ ਪਿਛਲੇ ਕੁਝ ਸਮੇਂ ਤੋਂ ਸਰੀਰਕ ਤੌਰ ਤੇ ਅਸਵਸਥ ਚਲ ਰਹੇ ਸਨ ਪਰ ਆਤਮਕ ਤੌਰ 'ਤੇ ਅੰਤਮ ਸਮੇਂ ਤੱਕ ਪੂਰਨ ਸਵਸਥ ਅਤੇ ਚੇਤੰਨ ਰਹੇ। ਇਹ ਆਤਮਕ ਸ਼ਕਤੀ ਅਤੇ ਬ੍ਰਹਮ ਗਿਆਨਤਾ ਜਿੱਥੇ ਆਪ ਨੇ ਆਪਣੇ ਮਨ ਵਚਨ ਅਤੇ ਕਰਮਾਂ ਨਾਲ ਕਮਾਈ ਉਥੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਦ੍ਰਿਸ਼ਟੀ ਅਤੇ ਦੇਸਾਂ-ਵਿਦੇਸਾਂ ਵਿਚ ਉਹਨਾਂ ਦਾ ਸੰਗ-ਸਾਥ ਮਾਣਦਿਆਂ ਆਪ ਨੂੰ ਪ੍ਰਾਪਤ ਹੋਈ। ਆਪ ਸੰਤ ਬੂੜ ਸਿੰਘ ਜੀ ਅਤੇ ਮਾਤਾ ਪ੍ਰਤਾਪ ਕੌਰ ਜੀ ਦੀ ਸਭ ਤੋਂ ਛੋਟੀ ਸੰਤਾਨ ਸਨ। ਆਪ ਜੀ ਦਾ ਪਿਛੋਕੜ ਨਾਮਧਾਰੀ ਪੰਥ ਦੀ ਪ੍ਰਸਿੱਧ ਸ਼ਖ਼ਸੀਅਤ ਸੰਤ ਮੰਗਲ ਸਿੰਘ ਜੀ ਅਰਸ਼ੀ ਫਰਿਸ਼ਤਾ ਦੇ ਪਿੰਡ ਫਤੂਹੀ ਚੱਕ (ਗੁਰਦਾਸਪੁਰ) ਨਾਲ ਜਾ ਰਲਦਾ ਹੈ। ਹੋਣਹਾਰ ਬਾਲਕ ਤੀਖਣ ਬੁੱਧੀ ਨੂੰ ਭਾਂਪ ਪਿਤਾ ਜੀ ਦਾ ਮਨ ਬਣਿਆ ਕਿ ਕਿਉਂ ਨਾ ਇਸ ਨੂੰ ਚੰਗਾ ਪਾਠੀ ਬਣਾਇਆ ਜਾਵੇ। ਸੋ ਉਹਨਾਂ ਨੇ ਇਹਨਾਂ ਨੂੰ ਸਾਧੂ ਸੰਤਾਂ ਦੀ ਸੰਗਤ ਕਰਾਉਣੀ ਸ਼ੁਰੂ ਕਰ ਦਿੱਤੀ। ਕਿਸੇ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਰਖੂ ਦ੍ਰਿਸ਼ਟੀ ਨੇ ਜਥੇਦਾਰ ਸੇਵਾ ਸਿੰਘ ਜੀ ਦੇ ਅੰਦਰ ਛੁਪੇ ਹੋਏ ਗੁਣਾਂ ਨੂੰ ਪਛਾਣਦਿਆਂ ਅਜੇਹੀ ਦ੍ਰਿਸ਼ਟੀ ਪਾਈ ਕਿ ਆਪ ਨਾਮਧਾਰੀ ਪੰਥ ਦੀ ਪਹਿਲੀ ਕਤਾਰ ਦੇ ਸ਼੍ਰੋਮਣੀ ਜਥੇਦਾਰ ਵਜੋਂ ਆਪਣੀ ਪਛਾਣ ਕਾਇਮ ਕਰਕੇ ਗਏ ਹਨ। ਆਪ ਆਪਣੇ ਪਿੱਛੇ ਭਰਿਆ ਪੂਰਾ ਅਤੇ ਖੁਸ਼ਹਾਲ ਅਤੇ ਜ਼ਿੰਮੇਦਾਰ ਪਰਿਵਾਰ ਛੱਡ ਗਏ ਹਨ। ਆਪ ਜੀ ਦੀ ਜੀਵਨ-ਸੰਗਣੀ ਪ੍ਰੀਤਮ ਕੌਰ 2003 ਵਿਚ ਆਪ ਨੂੰ ਅਤੇ ਵੱਡੇ ਪਰਵਾਰ ਨੂੰ ਵਿਛੋੜਾ ਦੇ ਗਏ ਸਨ। ਆਪ ਦੇ ਸਪੁੱਤਰ ਸਤਪਾਲ ਸਿੰਘ, ਜਸਪਾਲ ਸਿੰਘ, ਸ਼ਰਨਪਾਲ ਸਿੰਘ, ਨਿਰਮਲ ਸਿੰਘ ਅਤੇ ਰਜਿੰਦਰ ਸਿੰਘ ਆਪੋ ਆਪਣੇ ਵਿਹਾਰਾਂ ਵਿਚ ਆਰਥਕ ਪੱਖ ਤੋਂ ਵੀ ਚੰਗੀ ਸਾਖ ਕਾਇਮ ਕੀਤੀ ਹੋਈ ਹੈ। ਸਪੁੱਤਰੀ ਬੀਬੀ ਨਰਿੰਦਰ ਕੌਰ ਜਿੱਥੇ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੀ ਸਕੱਤਰ ਦੇ ਤੌਰ 'ਤੇ ਜ਼ਿੰਮੇਦਾਰੀ ਸੰਭਾਲ ਰਹੇ ਹਨ ਉਥੇ ਦਿੱਲੀ ਦੀ ਨਾਮਧਾਰੀ ਸੰਗਤ ਅਤੇ ਸ਼ਹੀਦ ਬਿਸ਼ਨ ਸਿੰਘ ਸਕੂਲ ਵਿਚ ਵੀ ਕਾਫੀ ਸਰਗਰਮ ਰੋਲ ਅਦਾ ਕਰ ਰਹੇ ਹਨ।

ਆਪ ਜੀ ਦੇ ਜੀਵਨ 'ਤੇ ਪੰਛੀ ਝਾਤ ਮਾਰਦਿਆਂ ਸਪੱਸ਼ਟ ਨਤੀਜਾ ਨਿਕਲਦਾ ਹੈ ਕਿ ਆਪ ਉਚ ਕੋਟੀ ਦੇ ਵਿਦਵਾਨ, ਅਧਿਆਤਮ ਵਿਸ਼ੇ ਦੇ ਪ੍ਰਵਕਤਾ ਅਤੇ ਉਚ ਕੋਟੀ ਦੀਆਂ ਸਮਾਜਕ ਕਦਰਾਂ ਕੀਮਤਾਂ ਦੇ ਮਾਲਕ ਸਨ। ਆਪ ਦੀ ਯਾਦ ਸ਼ਕਤੀ ਅਤੇ ਚੇਤੰਨਤਾ ਨੇ ਅੰਤਮ ਸਮੇਂ ਤੱਕ ਆਪ ਦਾ ਸਾਥ ਨਿਭਾਇਆ। ਭਜਨ-ਬੰਦਗੀ ਅਤੇ ਸਤਿਗੁਰੂ ਸਾਹਿਬਾਨ 'ਤੇ ਪੂਰਨ ਸ਼ਰਧਾ ਅਤੇ ਮੌਕੇ ਦੇ ਸਤਿਗੁਰੂ 'ਤੇ ਪੂਰਨ ਵਿਸ਼ਵਾਸ ਅਤੇ ਸਮਰਪਣ ਆਪ ਦੀ ਜ਼ਿੰਦਗੀ ਦਾ ਧਰਮ ਰਿਹਾ ਹੈ। ਭਾਵੇਂ ਆਪ ਜੀ ਕਿੱਤੇ ਵਜੋਂ ਉਚ ਕੋਟੀ ਦੇ ਰਾਜ ਮਿਸਤਰੀ ਸਨ ਪਰ ਨਾਮਧਾਰੀ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਨੂੰ ਆਪ ਨੇ ਹਮੇਸ਼ਾਂ ਹੀ ਪਹਿਲ ਦਿੱਤੀ। ਨਾਮਧਾਰੀ ਸਮਾਜ ਵਿਚ ਹੱਲੇ ਦੇ ਦੀਵਾਨ ਸਜਾਉਣ ਦੀ ਪਰੰਪਰਾ ਚਿਰਾਂ ਤੋਂ ਚਲੀ ਆ ਰਹੀ ਹੈ। ਜਥੇਦਾਰ ਜੀ ਨੇ ਜਿੱਥੇ ਉਸ ਪਰੰਪਰਾ ਨੂੰ ਨਿਭਾਇਆ ਉਥੇ ਆਪਣੀ ਪੇਸ਼ਕਾਰੀ ਵਿਚ ਹਮੇਸ਼ਾ ਮੌਕੇ ਦੇ ਸੁੱਖ ਦੁੱਖ ਦੇ ਮਾਹੌਲ ਨੂੰ ਮੁੱਖ ਰੱਖਦਿਆਂ ਕਥਾ-ਕੀਰਤਨ ਦਾ ਵਿਸ਼ਾ ਚੁਣਿਆ। ਜਥੇਦਾਰ ਜੀ ਕਥਾ ਕੀਰਤਨ ਕਰਨ ਦੀ ਕਲਾ ਵਿਚ ਵਿਸ਼ੇਸ਼ੱਗ ਸਨ। ਆਪ ਨੇ ਦਿੱਲੀ ਦੇ ਕਈ ਇਕ ਸੱਜਣਾਂ ਨੂੰ ਕਥਾ ਕੀਰਤਨ ਕਰਨ ਦੀ ਜਾਚ ਦੱਸੀ। ਆਪਣੇ ਪੋਤਰੇ ਗੁਰਦੇਵ ਸਿੰਘ ਸਹਿਤ ਕੁਝ ਕੁ ਹੋਰ ਸੱਜਣ ਵੀ ਆਪ ਦੇ ਪੱਕੇ ਸ਼ਾਗਿਰਦ ਬਣੇ। ਜਥੇਦਾਰ ਜੀ ਵਿਸ਼ਵ ਭਰ ਦੇ ਨਾਮਧਾਰੀ ਅਤੇ ਕੁਝ ਖੁਲ੍ਹੇ ਪਰਿਵਾਰਾਂ 'ਤੇ ਨਾਮਧਾਰੀ ਪ੍ਰਚਾਰ ਪ੍ਰਸਾਰ ਦੀ ਅਜੇਹੀ ਛਾਪ ਛੱਡ ਗਏ ਹਨ ਜਿਹੜੀ ਸਭਨਾਂ ਦੇ ਚੇਤੇ ਵਿਚ ਸਦਾ ਛਾਈ ਰਹੇਗੀ।

**-ਸਰਬ ਸ਼ਕਤੀਮਾਨ**

Date of Publication: 16/03/2016, Date of Posting:17-18/03/2016
Posted at PSO New Delhi-110001
RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17

# ਸ੍ਰੀ ਸਤਿਗੁਰੂ ਉਦੈ ਸਿੰਘ ਜੀ ਪਾਸੋ ਦਿੱਲੀ ਵਿਖੇ ਮਨਾਏ ਬਸੰਤ ਮੇਲੇ ਸਮੇਂ ਬਖ਼ਸ਼ਸ਼ ਪ੍ਰਾਪਤ ਕਰਦੇ ਮੁਖ ਪਤਵੰਤੇ ਸੱਜਣ


ਡਾ. ਹਰਸ਼ਵਰਧਨ ਕੈਬਿਨਟ ਮੰਤਰੀ (ਭਾਰਤ ਸਰਕਾਰ)


ਮਹੰਤ ਸ੍ਰੀ ਕ੍ਰਿਸ਼ਨ ਜੀ ਵਿਦਿਆਰਥੀ
ਬਾਲਮੀਕੀ ਮੰਦਰ ਪੰਚ ਕੁਈਆਂ ਰੋਡ


ਤਿਲਕ ਨਗਰ ਦੇ ਐਮ. ਐਲ. ਏ ਸ. ਜਰਨੈਲ ਸਿੰਘ


ਐਮ. ਡੀ. ਐਚ ਮਸਾਲਿਆਂ ਦੇ ਮਾਲਿਕ
ਸ੍ਰੀ ਧਰਮਪਾਲ ਮਹਾਸ਼ਾ ਜੀ


ਸ੍ਰੀ ਕੇਸ਼ਵ ਪ੍ਰਤਾਪ ਮੋਰਿਆ ਐਮ.ਪੀ.


ਸ੍ਰੀ ਮਹਾਬਲ ਮਿਸ਼ਰਾ ਸਾਬਕਾ ਐਮ. ਪੀ



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200ਵੇਂ ਪ੍ਰਕਾਸ਼ ਪੁਰਬ ਦੀ ਖ਼ੁਸ਼ੀ ਵਿੱਚ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਲੁਧਿਆਣਾ ਵਿਖੇ ਹੋਏ ਸੰਗੀਤ ਸੰਮੇਲਨ ਦਾ ਦ੍ਰਿਸ਼-13-02-2016


ਸ੍ਰੀ ਸਤਿਗੁਰੂ ਉਦੈ ਸਿੰਘ ਜੀ ਉਸਤਾਦ ਅਮਜਦ ਅਲੀ ਖਾਨ ਦੇ ਗ੍ਰਹਿ ਵਿਖੇ, ਨਾਲ ਹਨ
ਕਾਕਾ ਆਸਾ ਸਿੰਘ (ਪੁਤਰ ਸੰਤ ਅੰਮ੍ਰਿਤਪਾਲ ਸਿੰਘ, ਪੋਤਰਾ ਉਸਤਾਦ ਹਰਭਜਨ ਸਿੰਘ)
ਉਸਤਾਦ ਜੀ ਦੀ ਸ਼ਗਿਰਦੀ ਪ੍ਰਾਪਤ ਕਰ ਪ੍ਰਸੰਨ ਮੁਦਰਾ ਵਿੱਚ-21.02.2016


ਦਿੱਲੀ ਵਿਖੇ ਸ਼੍ਰੋਮਣੀ ਜਥੇਦਾਰ ਸੇਵਾ ਸਿੰਘ ਨਮਿਤ ਮੇਲੇ ਸਮੇਂ
ਪਰਵਾਰ ਸ੍ਰੀ ਸਤਿਗੁਰੂ ਜੀ ਨੂੰ ਨਤਮਸਤਕ ਹੁੰਦਾ ਹੋਇਆ-10.02.2016

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 6.28 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6.31 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com
Issue No. 4 of 17 March 2016